# ਦੱਸ ਲੱਖ ਵਿੱਚੋਂ ਇੱਕ

ਧੰਨਵਾਦ, ਭਾਈ। ਧੰਨਵਾਦ, ਭਾਈ ਸ਼ਕੇਰੀਅਨ।

ਅਤੇ ਸ਼ੁਭ ਸਵੇਰ, ਦੋਸਤੋ। ਅੱਜ ਸਵੇਰੇ ਦੁਬਾਰਾ ਲਾਸ ਏਂਜਲਸ ਵਿੱਚ ਆਉਣਾ ਯਕੀਨੀ ਤੌਰ ਤੇ ਚੰਗਾ ਹੈ, ਇਸ ਮਹਾਨ ਸਭਾ ਤੋਂ ਪਹਿਲਾਂ, ਅਤੇ ਇਸ ਆਉਣ ਵਾਲੇ ਹਫ਼ਤੇ ਦੀ ਆਗਾਮੀ ਮੀਟਿੰਗ ਅੰਬੈਸੀ ਹੋਟਲ ਵਿੱਚ ਹੋਵੇਗੀ। ਮੈਂ ਤੁਹਾਨੂੰ ਸਾਰਿਆਂ ਨੂੰ ਉੱਥੇ ਦੇਖਣ ਦੀ ਉਮੀਦ ਕਰ ਰਿਹਾ ਹਾਂ। ਅਤੇ ਅਸੀਂ ਸਾਰੇ ਆਪਣੇ ਪ੍ਰਭੂ ਯਿਸੂ ਨੂੰ ਮਿਲਣ ਲਈ, ਉਸ ਨੂੰ ਉੱਥੇ ਵੇਖਣ ਲਈ ਬਹੁਤ ਉਮੀਦਾਂ ਦੇ ਅਧੀਨ ਹਾਂ। ਉਸਨੇ ਵਾਅਦਾ ਕੀਤਾ ਕਿ ਉਹ ਹੋਵੇਗਾ, "ਜਿੱਥੇ ਵੀ ਦੋ ਜਾਂ ਤਿੰਨ ਇਕੱਠੇ ਹੁੰਦੇ ਹਨ," ਉਹ ਉੱਥੇ ਹੋਵੇਗਾ।

2 ਅਤੇ ਮੈਨੂੰ ਯਕੀਨ ਹੈ ਕਿ ਮੈਂ ਅੱਜ ਸਵੇਰੇ ਉਸ ਨੂੰ ਮਿਲਿਆ ਜਦੋਂ ਮੈਂ ਇੱਥੇ ਇਸ ਆਡੀਟੋਰੀਅਮ ਵਿੱਚ ਪੌੜੀਆਂ ਚੜ੍ਹਿਆ, ਜਦੋਂ ਸਾਰੇ ਲੋਕ ਵੱਡੀਆਂ ਉਮੀਦਾਂ ਨਾਲ, ਨਾਸ਼ਤੇ ਅਤੇ ਬੋਲਣ ਦੀ ਉਡੀਕ ਕਰ ਰਹੇ ਸਨ। ਅਤੇ ਤੁਹਾਡੇ ਨਾਲ, ਅਤੇ ਰੇਡੀਓ ਸਰੋਤਿਆਂ ਲਈ ਇੱਥੇ ਇਕੱਠੇ ਹੋਣਾ ਚੰਗਾ ਹੈ। ਇੱਥੇ ਬਹੁਤ ਸਾਰੇ ਹਨ, ਉਹ…ਮੈਨੂੰ ਅਗਲੀ ਮੰਜ਼ਿਲ ਤੇ ਜਾਣਾ ਪਿਆ, ਅਤੇ ਕੁਝ ਲੋਕਾਂ ਨਾਲ ਗੱਲ ਕਰਨੀ ਪਈ। ਅਤੇ ਬਹੁਤ ਸਾਰੀਆਂ ਬੇਨਤੀਆਂ, ਦਿਲ ਦੀਆਂ ਤਕਲੀਫਾਂ, ਅਤੇ ਉਹਨਾਂ ਦੇ ਸਰੀਰ ਦੀਆਂ ਵੱਖੋ ਵੱਖਰੀਆਂ ਬਿਮਾਰੀਆਂ ਨੂੰ ਦੇਖਿਆ, ਅਤੇ ਅਸੀਂ ਹੁਣ ਇੱਥੇ ਬਿਮਾਰਾਂ ਅਤੇ ਦੁਖੀ ਲੋਕਾਂ ਲਈ ਪ੍ਰਾਰਥਨਾ ਕਰਨ ਲਈ ਹਾਂ।

3 ਜਿਵੇਂ ਹੀ ਮੈਂ ਪੌੜੀਆਂ ਦੇ ਸਿਖਰ ਤੇ ਪਹੁੰਚਿਆ…ਮੈਂ ਹੁਣ ਬਜੁਰਗ ਸੱਜਣ ਨੂੰ ਦੇਖ ਰਿਹਾ ਹਾਂ। ਉਹ ਮੇਰੇ ਕੋਲ ਆਇਆ, ਅਤੇ ਕਿਹਾ, "ਭਾਈ ਬ੍ਰਨਹਾਮ, ਸਾਲਾਂ ਪਹਿਲਾਂ…" ਉਸ ਨੇ ਕਿਹਾ ਕਿ ਉਸ ਨੂੰ ਦਿਲ ਦੀ ਤਕਲੀਫ ਇੰਨੀ ਬੁਰੀ ਹੈ ਕਿ ਉਹ…ਉਨ੍ਹਾਂ ਨੇ ਸੋਚਿਆ ਕਿ ਉਹ ਮਰਨ ਵਾਲਾ ਸੀ। ਅਤੇ ਉਸ ਲਈ ਪ੍ਰਾਰਥਨਾ ਕੀਤੀ, ਅਤੇ ਪਰਮੇਸ਼ੁਰ ਦੀ ਕਿਰਪਾ ਨੇ ਉਸ ਨੂੰ ਚੰਗਾ ਕੀਤਾ। ਅਤੇ ਅੱਜ ਸਵੇਰੇ ਉਹ ਇੱਥੇ ਹੈ, ਆਪਣੇ ਅੱਸੀ ਸਾਲਾਂ ਵਿੱਚ, ਬਸ ਖੁਸ਼ੀ ਮਨਾ ਰਿਹਾ ਹੈ। ਇਸ ਲਈ ਸਾਨੂੰ ਨਵੀਂ ਉਮੀਦ ਮਿਲਦੀ ਹੈ।

4 ਅਤੇ ਹੁਣ ਮੈਂ ਨਿਸ਼ਚਤ ਤੌਰ ਤੇ ਰੇਡੀਓ ਖੇਤਰ ਦੇ ਨਾਲ-ਨਾਲ, ਇੱਥੋਂ ਦੇ ਲੋਕਾਂ ਤੋਂ ਪ੍ਰਾਰਥਨਾਵਾਂ ਦੀ ਮੰਗ ਕਰਦਾ ਹਾਂ। ਇਸ ਸਭਾ ਨੂੰ ਛੱਡਣ ਤੋਂ ਬਾਅਦ, ਮੈਂ ਸਭਾਵਾਂ ਲਈ ਯੂਰਪ, ਅਫਰੀਕਾ ਅਤੇ ਆਲੇ-ਦੁਆਲੇ, ਜਾ ਰਿਹਾ ਹਾਂ। ਅਤੇ ਇਹ ਇੱਕ ਦਰਸ਼ਨ ਦੁਆਰਾ ਹੋਣ ਜਾ ਰਿਹਾ ਹੈ, ਇਸ ਲਈ ਇਹ ਉੱਥੇ ਇੱਕ

ਬਹੁਤ ਵਧੀਆ ਸਭਾ ਹੋਣ ਜਾ ਰਹੀ ਹੈ, ਮੈਨੂੰ ਯਕੀਨ ਹੈ। ਅਤੇ ਮੈਂ ਸਾਲਾਂ ਤੋਂ ਮਹਿਸੂਸ ਕੀਤਾ ਕਿ ਪ੍ਰਭੂ ਚਾਹੁੰਦਾ ਸੀ ਕਿ ਮੈਂ ਵਾਪਸ ਆਵਾਂ। ਛੋਟੀ ਨਿਮਾਣੀ ਜਹੀ, ਨਿਮਾਣੀ ਜਿਹੀ ਸੇਵਕਾਈ ਜੋ ਉਸਨੇ ਮੈਨੂੰ ਦਿੱਤੀ ਸੀ, ਮੈਨੂੰ ਨਹੀਂ ਲੱਗਦਾ ਕਿ ਉਹ ਅਜੇ ਤੱਕ ਇਸ ਨਾਲ ਪੂਰਾ ਹੋਇਆ ਹੈ, ਉਸ ਜਗ੍ਹਾ ਤੇ। ਇੰਝ ਜਾਪਦਾ ਸੀ ਕਿ ਕਿਤੇ ਕੋਈ ਪ੍ਰਾਣ ਹੋ ਸਕਦਾ ਹੈ ਜਿਸ ਨੂੰ ਮੈਂ ਖੁਸ਼ਖਬਰੀ ਦੇ ਜਾਲ ਵਿੱਚ ਫੜ ਸਕਦਾ ਹਾਂ, ਉਹ ਜੋ ਉਸਨੇ ਮੈਨੂੰ ਲੋਕਾਂ ਲਈ ਜਾਲ ਪਾਉਣ ਲਈ ਦਿੱਤਾ ਹੈ, ਰੱਬੀ ਚੰਗਾਈ ਦਾ ਤਰੀਕਾ, ਬਿਮਾਰਾਂ ਲਈ ਪ੍ਰਾਰਥਨਾ ਕਰਨਾ। ਅਤੇ ਮੈਂ ਨਿਸ਼ਚਤ ਤੌਰ ਤੇ ਤੁਹਾਡੀਆਂ ਪ੍ਰਾਰਥਨਾਵਾਂ ਦੀ ਮੰਗ ਕਰਦਾ ਹਾਂ, ਇੱਥੇ ਅਤੇ ਉੱਥੇ ਦੋਹਾਂ ਲੋਕਾਂ ਤੋਂ, ਜਿਹੜੇ ਬਾਹਰ ਰੇਡੀਓ ਤੋਂ ਸੁਣ ਰਹੇ ਹੋ।

5 ਮੇਰੇ ਕੋਲ ਸਮਾਂ ਨਹੀਂ ਹੈ ਕਿ ਵਿਸ਼ਾ ਲਵਾਂ ਅਤੇ ਪ੍ਰਚਾਰ ਕਰਾਂ, ਜਿਸ ਦੀ ਮੈਂ ਇੱਥੇ ਕੁਝ ਮਿੰਟਾਂ ਬਾਅਦ ਉਮੀਦ ਕਰ ਰਿਹਾ ਹਾਂ ਇਸ...ਆਡੀਟੋਰੀਅਮ ਵਿੱਚ—ਵਿੱਚ, ਪਰ ਤੁਹਾਡੇ ਨਾਲ ਗੱਲ ਕਰ ਲਈ—ਲਈ, ਜਾਣ ਪਛਾਣ ਕਰਨ ਲਈ। ਅਤੇ ਦੇਸ਼ ਵਿੱਚ ਬਾਹਰਲੇ ਲੋਕਾਂ ਲਈ, ਮੈਂ ਉਨ੍ਹਾਂ ਲਈ ਪ੍ਰਾਰਥਨਾ ਕਰਾਂਗਾ, ਜੋ ਉੱਥੇ ਹਨ, ਨਾਲ ਹੀ ਅਤੇ ਤੁਹਾਡੇ ਲਈ ਵੀ ਜੋ ਇੱਥੇ ਹੋ। ਅਤੇ ਮੈਂ ਨਿਸ਼ਚਤ ਤੌਰ ਤੇ ਇਨ੍ਹਾਂ ਸਾਰੇ ਵਧੀਆ ਨਵੇਂ ਦੋਸਤਾਂ ਨੂੰ ਮਿਲ ਕੇ ਬਹੁਤ ਖੁਸ਼ ਹਾਂ ਜਿਨ੍ਹਾਂ ਨੂੰ ਮੈਂ ਪਹਿਲਾਂ ਕਦੇ ਨਹੀਂ ਮਿਲਿਆ, ਬੱਸ ਅੱਜ ਸਵੇਰੇ ਉਹਨਾਂ ਦੇ ਸੰਪਰਕ ਵਿੱਚ ਆਇਆ ਹਾਂ।

6 ਅਸੀਂ ਹੋਰ ਥਾਵਾਂ ਤੇ ਸਭਾਵਾਂ ਵਿੱਚ ਬਹੁਤ ਵਧੀਆ ਸਮਾਂ ਗੁਜ਼ਾਰ ਰਹੇ ਹਾਂ। ਮੈਂ ਹੁਣ ਬਹੁਤ ਜ਼ਿਆਦਾ ਬਾਹਰ ਨਹੀਂ ਨਿਕਲਦਾ, ਇਹ ਬਹੁਤ ਵਿਅਸਤ ਹੈ। ਅਸੀਂ ਜੈਫਰਸਨਵਿਲੇ, ਇੰਡੀਆਨਾ ਅਤੇ ਟਿਉਸਨ, ਐਰੀਜ਼ੋਨਾ ਦੇ ਵਿਚਕਾਰ ਸੜਕ ਵਿੱਚ ਆਵਾਜਾਈ ਤੇਜ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ, ਜਿੱਥੇ ਅਸੀਂ ਕੁਝ ਸਾਲ ਪਹਿਲਾਂ ਚਲੇ ਗਏ ਸੀ, ਪ੍ਰਭੂ ਦੇ ਦਰਸ਼ਨ ਕਰਕੇ, ਜਿਸਨੇ ਸਾਨੂੰ ਉੱਥੇ ਭੇਜਿਆ...ਨਾ ਜਾਣਦੇ ਹੋਏ ਕਿ ਮੈਂ ਕਿੱਥੇ ਜਾ ਰਿਹਾ ਸੀ। ਅਤੇ ਤੁਹਾਡੇ ਵਿੱਚੋਂ ਬਹੁਤ ਸਾਰੇ ਇੱਥੇ, ਕਲਿਫਟਨ ਵਿਖੇ, ਮੈਂ ਜਾਣ ਤੋਂ ਪਹਿਲਾਂ ਤੁਹਾਡੇ ਨਾਲ ਗੱਲ ਕੀਤੀ ਸੀ, ਅਤੇ ਫੀਨਿਕਸ ਸਭਾ ਵਿੱਚ, ਉਸ ਦਰਸ਼ਣ ਬਾਰੇ ਜੋ ਆਇਆ ਸੀ। ਮੈਂ ਇੱਕ ਸਮੂਹ ਵਿੱਚ ਸੱਤ ਦੂਤਾਂ ਨੂੰ ਦੇਖਿਆ ਸੀ।

7 ਅਤੇ ਮੈਂ ਜਾਣਦਾ ਹਾਂ, ਰੇਡੀਓ ਸਰੋਤਿਆਂ ਲਈ, ਸ਼ਾਇਦ ਤੁਹਾਡੇ ਵਿੱਚੋਂ ਬਹੁਤ ਸਾਰੇ ਫੁੱਲ ਗੋਸਪਲ ਵਾਲੇ ਨਹੀਂ ਹਨ, ਅਤੇ ਇਹ ਤੁਹਾਨੂੰ ਥੋੜਾ ਰਹੱਸਮਈ ਲੱਗ ਸਕਦਾ ਹੈ। ਜੋ, ਇਹ ਮੇਰੇ ਲਈ ਹੋਵੇਗਾ, ਪਰ ਉੱਥੇ ਹੈ...ਕੋਈ ਵੀ ਜੋ ਕੁਝ ਵੀ ਸਮਝਾ ਸਕਦਾ ਹੈ, ਤੁਹਾਨੂੰ ਵਿਸ਼ਵਾਸ ਦੁਆਰਾ ਇਸਨੂੰ ਸਵੀਕਾਰ ਕਰਨ ਦੀ ਲੋੜ ਨਹੀਂ ਹੈ। ਇਹ ਉਹ ਚੀਜ਼ਾਂ ਹਨ ਜਿਨ੍ਹਾਂ ਦੀ ਅਸੀਂ ਵਿਆਖਿਆ

ਨਹੀਂ ਕਰ ਸਕਦੇ, ਜੋ ਸਾਨੂੰ ਵਿਸ਼ਵਾਸ ਦੁਆਰਾ ਸਵੀਕਾਰ ਕਰਨਾ ਪੈਂਦੀਆਂ ਹਨ। ਅਸੀਂ ਪਰਮੇਸ਼ਵਰ ਦੀ ਵਿਆਖਿਆ ਨਹੀਂ ਕਰ ਸਕਦੇ। ਕੋਈ ਮਨੁੱਖ ਪਰਮੇਸ਼ਵਰ ਦੀ ਵਿਆਖਿਆ ਨਹੀਂ ਕਰ ਸਕਦਾ। ਉਹ ਸਰਬਸ਼ਕਤੀਮਾਨ ਹੈ, ਅਤੇ ਉਹ ਮਹਾਨ ਅਤੇ ਸ਼ਕਤੀਸ਼ਾਲੀ ਹੈ। ਅਸੀਂ ਬਸ—ਅਸੀਂ ਬਸ ਇਸਨੂੰ ਸਵੀਕਾਰ ਕਰਦੇ ਹਾਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਉਹ ਉੱਥੇ ਹੈ। ਅਤੇ ਫਿਰ ਸਾਡੀ ਨਿਹਚਾ ਦੁਆਰਾ, ਇਸਨੂੰ ਸਵੀਕਾਰ ਕਰਨ ਵਿੱਚ, ਉਹ ਸਾਡੇ ਲਈ ਜਵਾਬ ਵਾਪਸ ਲਿਆਉਂਦਾ ਹੈ, ਪਵਿੱਤਰ ਆਤਮਾ ਦਾ ਬਪਤਿਸਮਾ।

8 ਜਿਸ ਬਾਰੇ, ਮੈਂ ਇੱਥੇ ਕੁਝ ਪਲਾਂ ਵਿੱਚ, ਤੁਹਾਡੇ ਨਾਲ ਇੱਥੇ "ਪਰਮੇਸ਼ਵਰ" ਦਾ ਮਾਰਗ, ਜਾਂ, "ਭਗਤੀ ਦਾ ਸਥਾਨ" ਤੇ ਗੱਲ ਕਰਨ ਜਾ ਰਿਹਾ ਹਾਂ। ਅਤੇ ਇੱਕੋ ਹੀ ਸਥਾਨ ਹੈ ਜਿੱਥੇ ਤੁਸੀਂ ਉਸਦੀ ਅਰਾਧਨਾ ਕਰ ਸਕਦੇ ਹੋ, ਇੱਕੋ ਇੱਕ ਜਗ੍ਹਾ ਹੈ ਜਿੱਥੇ ਉਹ ਤੁਹਾਨੂੰ ਕਦੇ ਮਿਲ ਸਕਦਾ ਹੈ, ਉੱਥੇ ਹੈ…ਉੱਥੇ ਇੱਕ ਕਲੀਸਿਯਾ ਹੈ, ਇੱਕ ਸਥਾਨ, ਇੱਕ ਸਮਾਂ, ਇੱਕ ਲੋਕ, ਉਹ ਸਭ ਜਿਸ ਵਿੱਚ ਪਰਮੇਸ਼ੁਰ ਮਿਲਦਾ ਹੈ। ਅਤੇ ਮੈਂ ਉਮੀਦ ਕਰਦਾ ਹਾਂ ਕਿ ਪ੍ਰਭੂ ਇੱਥੇ ਤੁਹਾਡੇ ਦਿਲਾਂ ਵਿੱਚ ਸੰਦੇਸ਼ ਨੂੰ ਅਸੀਸ ਦੇਵੇਗਾ।

9 ਹੁਣ, ਟਿਉਸਨ ਵਿੱਚ ਆਉਣਾ, ਇਹ ਅਜੀਬ ਸੀ, ਉਹ ਦਰਸ਼ਨ ਜੋ ਤੁਹਾਡੇ ਨਾਲ ਪ੍ਰਭੂ ਦੇ ਨਾਮ ਵਿੱਚ ਬੋਲ ਰਹੇ ਸਨ। ਜਿੱਥੋਂ ਤਕ ਮੈਂ ਚੇਤੇ ਕਰ ਸਕਦਾ ਹਾਂ ਉਹਨਾਂ ਵਿੱਚੋਂ ਇੱਕ ਵੀ ਨਹੀਂ, ਕਿਸੇ ਹੋਰ ਨੂੰ ਪੁੱਛਾਂਗਾ ਕਿ ਕੀ ਉਹ ਕੋਈ ਵੀ ਸਮਾਂ ਚੇਤੇ ਕਰ ਸਕਦੇ ਹਨ, ਕਿ ਉਸਨੇ ਕੁਝ ਵੀ ਕਿਹਾ ਹੋਵੇ ਉਹ ਸੱਚ ਨਹੀਂ ਸੀ। ਇਹ ਹਮੇਸ਼ਾ ਉਸੇ ਤਰ੍ਹਾਂ ਹੁੰਦਾ ਹੈ ਜਿਵੇਂ ਉਹ ਕਹਿੰਦਾ ਹੈ ਕਿ ਇਹ ਹੋਵੇਗਾ।

10 ਅਤੇ ਉਸ ਨੂੰ, ਲਿਖਤਾਂ ਦੇ ਅਨੁਸਾਰ, ਇਸ ਕਿਸਮ ਦੀ ਸੇਵਕਾਈ ਵਿੱਚ, ਇਸ ਅੰਤਮ ਦਿਨਾਂ ਵਿੱਚ ਸਾਡੇ ਕੋਲ ਵਾਪਸ ਆਉਣਾ ਚਾਹੀਦਾ ਹੈ। ਇਹ ਆਤਮਾ ਦੇ ਬਪਤਿਸਮੇ ਤੋਂ ਬਾਅਦ ਹੋਵੇਗਾ, ਅਤੇ ਭਾਸ਼ਾਵਾਂ ਵਿੱਚ ਬੋਲਣਾ, ਅਤੇ ਰੱਬੀ ਚੰਗਾਈ, ਅਤੇ ਵਗੈਰਾ ਵਗੈਰਾ, ਇਹ ਚੀਜ਼ਾਂ। ਪੈਂਟੇਕੋਸਟਲ ਸੰਦੇਸ਼ ਦਾ ਢਕਿਆ ਜਾਣਾ ਉਹ ਹੈ ਜਿਸ ਬਾਰੇ ਅਸੀਂ ਅੱਜ ਗੱਲ ਕਰ ਰਹੇ ਹਾਂ। ਮਸੀਹ ਦੀ ਇਸ ਸੇਵਕਾਈ ਨੇ ਖੁਦ ਨੂੰ ਆਪਣੇ ਲੋਕਾਂ ਵਿੱਚ ਜਾਹਿਰ ਕੀਤਾ ਹੈ, ਉਹੀ ਚੀਜ਼ਾਂ ਦੇ ਨਾਲ ਜੋ ਉਸਨੇ ਕੀਤੀਆਂ ਜਦ ਉਹ ਧਰਤੀ ਉੱਤੇ ਸੀ; ਉਸਦੇ ਸਰੀਰ ਵਿੱਚ, ਲਾੜੀ ਵਿੱਚ, ਜੋ ਉਸਦਾ ਹਿੱਸਾ ਹੈ, ਉਹੀ ਕੰਮ ਕਰਦੇ ਹੋਏ, ਜਿਵੇਂ ਪਤੀ ਅਤੇ ਪਤਨੀ, ਜਾਂ ਰਾਜਾ ਅਤੇ ਰਾਣੀ, ਵਿਆਹ ਦੀ ਰਸਮ ਤੋਂ ਠੀਕ ਪਹਿਲਾਂ।

11 ਇਸ ਹਫ਼ਤੇ, ਪ੍ਰਭੂ ਦੀ ਇੱਛਾ ਹੋਈ ਤਾਂ, ਮੈਂ ਇਸ ਬਾਰੇ ਕੁਝ ਬੋਲਣਾ ਚਾਹੁੰਦਾ ਹਾਂ, ਇੱਥੇ ਸਾਡੀ ਮੁਹਿੰਮ ਵਿੱਚ, ਅੰਬੈਸੀ ਹੋਟਲ ਵਿਖੇ, ਅਤੇ ਇਸ ਤਰ੍ਹਾਂ ਕਰਨ ਦੇ ਮੇਰੇ ਨਿਮਰ ਤਰੀਕੇ ਨਾਲ ਜਾਣੂ ਹੋਵੋ। ਉਹ—ਉਹ ਸਮਾਂ ਅਤੇ ਘੜੀ ਜਿਸ

ਵਿੱਚ ਅਸੀਂ ਜੀ ਰਹੇ ਹਾਂ, ਜੇਕਰ ਕੋਈ ਵਿਅਕਤੀ ਨਹੀਂ ਜਾਣਦਾ ਕਿ ਕਿਸ ਰਸਤੇ ਤੇ ਜਾਣਾ ਹੈ, ਕੀ ਕਰਨਾ ਹੈ ਜਾਂ ਕਿਵੇਂ ਮੋੜਨਾ ਹੈ, ਤਾਂ ਤੁਸੀਂ—ਤੁਸੀਂ ਹੁਣ ਵਿਸ਼ਵਾਸ ਨਾਲ ਨਹੀਂ ਚੱਲ ਰਹੇ ਹੋ; ਤੁਸੀਂ ਸਿਰਫ ਅੰਦਾਜਾ ਲਗਾ ਰਹੇ ਹੋ, ਤੁਸੀਂ ਅਨੁਮਾਨ ਲਗਾ ਰਹੇ ਹੋ। ਅਤੇ *ਅਨੁਮਾਨ* ਲਗਾਉਣਾ—ਲਗਾਉਣਾ "ਅਧਿਕਾਰਿਤ ਅਧਿਕਾਰ ਤੋਂ ਬਿਨਾਂ ਅੱਗੇ ਵਧਣਾ" ਹੈ। ਇਸ ਲਈ ਜੇਕਰ ਸਾਡੇ ਕੋਲ ਇਹ ਜਾਣਨ ਦਾ ਅਧਿਕਾਰਿਤ ਅਧਿਕਾਰ ਨਹੀਂ ਹੈ ਕਿ ਪਰਮੇਸ਼ੁਰ ਨੇ ਕੀ ਕਿਹਾ ਹੈ ਕਿ ਇਸ ਘੜੀ ਵਿੱਚ ਕੀ ਹੋਵੇਗਾ, ਤਾਂ ਅਸੀਂ ਇਸ ਘੜੀ ਦਾ ਸਾਮ੍ਹਣਾ ਕਿਵੇਂ ਕਰਾਂਗੇ? ਅਤੇ ਸਾਨੂੰ ਇਸਦਾ ਸਾਹਮਣਾ ਕਰਨਾ ਪਵੇਗਾ, ਜਾਣਦੇ ਹੋਏ, ਉਸਦੇ ਬਚਨ ਵਿੱਚ ਵਿਸ਼ਵਾਸ ਦੁਆਰਾ, ਉਹ ਚੀਜ਼ਾਂ ਜੋ ਹੁਣ ਹੋਣੀਆਂ ਚਾਹੀਦੀਆਂ ਹਨ, ਅਤੇ ਕੌਮਾਂ ਦੀ ਹਾਲਤ, ਲੋਕਾਂ ਦੀ ਹਾਲਤ, ਕਲੀਸਿਯਾ ਦੀ ਹਾਲਤ, ਅਤੇ ਵਗੈਰਾ ਵਗੈਰਾ।

12 ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ, ਅਤੇ ਫਿਰ ਇਸਦਾ ਸਾਹਮਣਾ ਕਰਨ ਲਈ ਕਿਵੇਂ ਤੁਰਨਾ ਹੈ। ਜੇ ਤੁਸੀਂ ਨਹੀਂ ਜਾਣਦੇ ਕਿ ਇਹ ਕਿਵੇਂ ਕਰਨਾ ਹੈ, ਤਾਂ ਤੁਸੀਂ ਬੱਸ—ਬਸ ਜਿਸਨੂੰ ਅਸੀਂ ਕਹਿੰਦੇ ਸੀ, ਕਿਸਮ ਦੀ, ਹਫੜਾ-ਦਫੜੀ ਹੋ; ਬਸ ਅੰਦਰ ਛਾਲ ਮਾਰਦੇ ਹੋ, ਇਹ ਉਮੀਦ ਕਰਦੇ ਹੋਏ ਕਿ ਇਹ ਇੱਥੇ ਹੋਵੇਗਾ, *ਇਹ* ਉਮੀਦ ਕਰਨਾ ਅਤੇ *ਉਹ* ਉਮੀਦ ਕਰਨਾ, ਅਤੇ "ਕੀ ਇਹ ਹੋਵੇਗਾ?" ਪਰ ਪਰਮੇਸ਼ੁਰ ਨਹੀਂ ਚਾਹੁੰਦਾ ਕਿ ਅਸੀਂ ਅਜਿਹਾ ਕਰੀਏ। ਉਹ ਚਾਹੁੰਦਾ ਹੈ ਕਿ ਅਸੀਂ ਜਾਣੀਏ ਕਿ ਉਸਨੇ ਇਸ ਦਿਨ ਬਾਰੇ ਕੀ ਕਿਹਾ ਹੈ, ਅਤੇ ਫਿਰ ਵਿਸ਼ਵਾਸ ਨਾਲ ਇਸ ਸਵੀਕਾਰ ਕਰੀਏ, ਕਿਉਂਕਿ ਉਸਨੇ ਕਿਹਾ ਸੀ ਕਿ ਇਹ ਇਸ ਤਰ੍ਹਾਂ ਹੋਵੇਗਾ। ਫੇਰ ਅਸੀ—ਅਸੀਂ ਜਾਣਦੇ ਹਾਂ ਕਿ ਫਿਰ ਤੁਸੀਂ ਸੱਚ ਹੋ, ਕਿਉਂਕਿ ਤੁਹਾਡੇ ਕੋਲ ਇਸਦੇ ਲਈ ਕਿਸੇ ਵਿਅਕਤੀ ਦਾ ਵਚਨ ਨਹੀਂ ਹੈ; ਤੁਹਾਡੇ ਕੋਲ ਉਸਦਾ ਵਚਨ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਅਤੇ ਅਸੀਂ ਉਮੀਦ ਕਰ ਰਹੇ ਹਾਂ ਕਿ ਸਾਡਾ ਸਵਰਗੀ ਪਿਤਾ ਇਸ ਹਫ਼ਤੇ ਸਾਨੂੰ ਇਹ ਪ੍ਰਦਾਨ ਕਰੇਗਾ—ਕਰੇਗਾ।

13 ਹੁਣ, ਮੈਨੂੰ ਅਫਸੋਸ ਹੈ ਕਿ ਰੁਕ ਗਿਆ, ਜੋ ਮੈਂ ਕੁਝ ਪਲ ਪਹਿਲਾਂ ਕਹਿ ਰਿਹਾ ਸੀ, ਟਯੂਸਾਨ ਆਉਣ ਬਾਰੇ। ਅਤੇ ਮੈਂ ਸੋਚਿਆ, ਆਪਣੇ ਆਪ, ਕਿ ਇਹ ਮੇਰੀ ਜ਼ਿੰਦਗੀ ਦਾ ਅੰਤ ਸੀ। ਮੈਂ ਸੋਚਿਆ ਕਿ ਕੋਈ ਵੀ ਉਸ ਸਦਮੇ ਦੀ ਹਾਲਤ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ ਹੈ ਜੋ ਉਸ ਸਵੇਰ ਦੇ ਦਰਸ਼ਨ ਵਿੱਚ ਵਾਪਰਿਆ ਸੀ, ਕਰੀਬ ਦਸ ਵਜੇ ਘਰ, ਕਿ ਉਸ ਤੋਂ ਬਾਅਦ ਕੋਈ ਜਿਉਂਦਾ ਵੀ ਰਹਿ ਸਕੇ। ਕਿਉਂ, ਮੈਂ ਟਯੂਸਾਨ ਆਇਆ ਹਾਂ, ਆਪਣੇ ਬੇਟੇ ਨਾਲ, ਉਸਦੇ ਨਾਲ ਜਾ ਕੇ ਮੇਰੀ ਪਤਨੀ ਅਤੇ—ਅਤੇ ਬੱਚਿਆਂ ਲਈ ਪ੍ਰਬੰਧ ਕਰ ਰਿਹਾ ਸੀ ਮੇਰੇ ਤੁਰ ਜਾਣ ਤੋਂ ਬਾਅਦ ਦੇ ਲਈ, ਕਿਉਂਕਿ ਮੈਂ ਸੋਚਿਆ ਕਿ

ਇਹ ਮੇਰਾ ਅੰਤ ਸੀ। ਅਤੇ ਮੈਂ, ਫੀਨਿਕਸ ਵਿੱਚ ਅਤੇ ਇਸ ਹੋਣ ਤੋਂ ਪਹਿਲਾਂ ਦੀਆਂ ਕਈ ਮੀਟਿੰਗਾਂ ਵਿੱਚ, ਮੈਂ ਤੁਹਾਨੂੰ ਦੱਸਿਆ ਸੀ ਕਿ ਇਹ ਕਿਵੇਂ ਹੋਵੇਗਾ।

14 ਖੈਰ, ਉਸ ਤੋਂ ਕੁਝ ਮਹੀਨਿਆਂ ਬਾਅਦ, ਮੈਂ ਇੱਕ ਸਵੇਰ ਸਬੀਨੋ ਕੈਨਿਯਨ ਵਿੱਚ ਉੱਠਿਆ, ਜੋ ਕਿ ਟਯੂਸਾਨ ਦੇ ਬਿਲਕੁਲ ਉੱਤਰ ਵਿੱਚ ਹੈ। ਮੈਂ ਪ੍ਰਾਰਥਨਾ ਕਰਨ ਲਈ ਉੱਥੇ ਸੀ। ਅਤੇ ਜਦੋਂ ਮੈਂ ਪ੍ਰਾਰਥਨਾ ਕਰ ਰਿਹਾ ਸੀ, ਤਾਂ ਮੈਂ ਆਪਣਾ ਆਪਣਾ ਹੱਥ ਹਵਾ ਵਿੱਚ ਚੁੱਕ ਕੇ, ਕਿਹਾ, "ਪਿਤਾ, ਮੈਂ ਤੁਹਾਨੂੰ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਕਿਸੇ ਤਰ੍ਹਾਂ ਮੇਰੀ ਮਦਦ ਕਰੋਗੇ, ਮੈਨੂੰ ਤਾਕਤ ਦਿਓ, ਉਸ ਘੜੀ ਲਈ ਜਿਸ ਦਾ ਮੈਂ ਹੁਣ ਸਾਹਮਣਾ ਕਰ ਰਿਹਾ ਹਾਂ। ਅਤੇ ਜੇਕਰ ਮੇਰਾ ਕੰਮ ਇੱਥੇ ਧਰਤੀ ਉੱਤੇ ਪੂਰਾ ਹੋ ਗਿਆ ਹੈ, ਤਾਂ ਮੈਨੂੰ ਤੁਹਾਡੇ ਕੋਲ ਆਉਣਾ ਚਾਹੀਦਾ ਹੈ। ਅਤੇ ਅਜਿਹਾ ਨਹੀਂ ਹੈ ਕਿ ਮੈਨੂੰ ਆਉਣ ਤੇ ਪਛਤਾਵਾ ਹੈ, ਪਰ ਮੈਂ ਜਾਣਦਾ ਹਾਂ ਕਿ ਤੁਸੀਂ ਮੇਰੇ ਪਰਿਵਾਰ ਦੀ ਦੇਖਭਾਲ ਕਰੋਗੇ। ਅਤੇ ਮੈਂ—ਮੈਂ ਸਿਰਫ਼ ਇਸ ਘੜੀ ਲਈ ਤਾਕਤ ਮੰਗ ਰਿਹਾ ਹਾਂ।" ਅਤੇ ਕਿਸੇ ਨੇ ਮੇਰੇ ਹੱਥ ਨੂੰ ਮਾਰਿਆ!

15 ਹੁਣ, ਰੇਡੀਓ ਸਰੋਤਿਓ, ਇਹ ਅਜੀਬ ਲੱਗ ਸਕਦਾ ਹੈ ਜੋ ਮੈਂ ਕਿਹਾ ਹੈ, ਪਰ ਇਹ ਸੱਚ ਹੈ। ਅਤੇ ਪਰਮੇਸ਼ੁਰ ਮੇਰਾ ਨਿਆਂਈ ਹੈ।

16 ਮੈਂ ਆਪਣੇ ਹੱਥ ਵਿੱਚ ਦੇਖਿਆ, ਅਤੇ ਇੱਕ ਤਲਵਾਰ ਸੀ, ਹੱਥੇ ਦੇ ਹਿੱਸੇ ਉੱਤੇ ਇੱਕ ਮਿਆਨ ਸੀ। ਅਤੇ ਹੱਥਾ ਵੀ ਮੋਤੀ ਦਾ ਬਣਿਆ ਹੋਇਆ ਸੀ, ਅਤੇ ਹੱਥੇ ਦੇ ਹਿੱਸੇ ਉੱਤੇ ਸੋਨੇ-ਵਰਗਾ ਕਵਚ ਜਿਹਾ ਦਿਖਾਈ ਦਿੰਦਾ ਸੀ। ਅਤੇ ਤਲਵਾਰ ਆਪਣੇ ਆਪ ਵਿੱਚ ਇਸ ਤਰ੍ਹਾਂ ਦਿਖਾਈ ਦਿੰਦੀ ਸੀ ਜਿਵੇਂ ਚਮਕਦਾਰ ਜਿਹੀ ਚੀਜ ਸੀ, ਔਹ, ਚਮਕਦਾਰ ਧਾਤੂd ਵਰਗੀ ਕੋਈ ਚੀਜ਼ ਜਾਂ ਸੂਰਜ ਵਿੱਚ ਚਮਕਦੀ ਚੀਜ਼।

17 ਹੁਣ, ਸਵੇਰ ਦੇ ਦਸ ਜਾਂ ਗਿਆਰਾਂ ਵੱਜ ਚੁੱਕੇ ਸਨ, ਇੱਕ ਪਹਾੜ ਦੀ ਚੋਟੀ ਤੇ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇੱਕ ਵਿਅਕਤੀ ਕਿਵੇਂ (ਮੈਨੂੰ ਲੱਗਦਾ ਹੈ ਕਿ ਮੈਂ ਸਹੀ ਦਿਮਾਗੀ ਹਾਲਤ ਵਿੱਚ ਹਾਂ) ਮਹਿਸੂਸ ਕਰੇਗਾ ਉੱਥੇ ਇੱਕ ਤਲਵਾਰ ਲੈ ਕੇ ਖੜ੍ਹੇ ਹੋਣਾ, ਮੀਲਾਂ ਅਤੇ ਮੀਲਾਂ ਤੱਕ ਲੋਕ, ਉਸ ਨੂੰ ਤੁਹਾਡੇ ਹੱਥ ਵਿੱਚ ਫੜ ਕੇ। ਮੈਂ ਇਸਨੂੰ ਮਹਿਸੂਸ ਕੀਤਾ, ਤਲਵਾਰ ਦੀ ਧਾਰ ਨੂੰ ਅੱਗੇ-ਪਿੱਛੇ ਲਹਿਰਾਇਆ, ਅਤੇ, ਕਿਉਂ, ਇਹ ਇੱਕ ਤਲਵਾਰ ਸੀ।

18 ਅਤੇ ਮੈਂ ਆਲੇ ਦੁਆਲੇ ਦੇਖਿਆ। ਮੈਂ ਕਿਹਾ, "ਅੱਛਾ, ਹੁਣ, ਇਹ ਕਿਵੇਂ ਹੋ ਸਕਦਾ ਹੈ? ਇੱਥੇ ਮੈਂ ਇੱਥੇ ਖੜ੍ਹਾ ਹਾਂ, ਬਿਲਕੁੱਲ, ਇੱਥੇ, ਅਤੇ ਮੀਲਾਂ ਅਤੇ ਮੀਲਾਂ ਤੱਕ ਕੋਈ ਨਹੀਂ ਹੈ, ਅਤੇ ਇਹ ਕਿੱਥੋਂ ਆਈ ਹੈ?" ਅਤੇ ਮੈਂ ਕਿਹਾ, "ਖੈਰ, ਮੈਨੂੰ—ਮੈਨੂੰ ਲਗਦਾ ਹੈ ਕਿ ਇਹ ਪ੍ਰਭੂ ਮੈਨੂੰ ਦੱਸ ਰਿਹਾ ਹੈ ਕਿ ਇਹ

ਮੇਰਾ ਅੰਤ ਸਮਾਂ ਹੈ।"

ਅਤੇ ਇੱਕ ਆਵਾਜ਼ ਬੋਲੀ ਅਤੇ ਕਿਹਾ, "ਇਹ ਪ੍ਰਭੂ ਦੀ ਤਲਵਾਰ ਹੈ।"

19 ਅਤੇ ਮੈਂ ਸੋਚਿਆ, "ਅੱਛਾ, ਇੱਕ ਤਲਵਾਰ, ਫਿਰ ਇਹ...ਇੱਕ ਰਾਜੇ ਵਰਗੇ, ਜੋਧੇ ਲਈ ਹੈ," ਤੁਸੀਂ ਜਾਣਦੇ ਹੋ, ਉਹ ਇੰਗਲੈਂਡ ਅਤੇ ਵੱਖ-ਵੱਖ ਥਾਵਾਂ ਤੇ ਕਿਵੇਂ ਕਰਦੇ ਸਨ। ਮੈਂ ਸੋਚਿਆ, "ਇਹ ਉਸੇ ਲਈ ਹੈ, ਜੋਧੇ ਲਈ।" ਅਤੇ ਮੈਂ ਸੋਚਿਆ, "ਅੱਛਾ, ਹੋ ਸਕਦਾ ਹੈ ਕਿ ਮੈਨੂੰ ਲੋਕਾਂ ਤੇ ਹੱਥ ਰੱਖਣਾ ਚਾਹੀਦਾ ਹੈ, ਜਾਂ..." ਮੇਰੇ ਕੋਲ ਹਰ ਕਿਸਮ ਦੀ...ਮਨੁੱਖੀ ਪੂਰੀ ਤਰ੍ਹਾਂ ਗੜਬੜ ਵਿੱਚ ਹੋ ਸਕਦਾ ਹੈ, ਤੁਸੀਂ ਜਾਣਦੇ ਹੋ। ਤੁਹਾਨੂੰ ਨਹੀਂ ਪਤਾ। ਸਾਡਾ ਮਨ ਸੀਮਤ ਹੈ; ਉਸਦਾ ਬੇਅੰਤ ਹੈ। ਇਸ ਲਈ, ਅਤੇ ਜਿਵੇਂ ਮੈਂ ਸੀ, ਇਹ...ਫਿਰ ਇਹ ਮੇਰਾ ਹੱਥ ਛੱਡ ਗਿਆ ਅਤੇ ਮੈਨੂੰ ਨਹੀਂ ਪਤਾ ਕਿ ਇਹ ਕਿੱਥੇ ਚਲਾ ਗਿਆ, ਬਸ ਅਲੋਪ ਹੋ ਗਿਆ। ਕਿਉਂ, ਜੇ ਕਿਸੇ ਵਿਅਕਤੀ ਨੂੰ ਆਤਮਿਕ ਚੀਜ਼ਾਂ ਬਾਰੇ ਥੋੜੀ ਜਿਹੀ ਸਮਝ ਨਹੀਂ ਹੈ, ਤਾਂ ਤੁਸੀਂ—ਤੁਸੀਂ ਇਸ ਤਰ੍ਹਾਂ ਪਾਗਲ ਹੋ ਜਾਵੋਗੇ। ਤੁਸੀਂ ਉੱਥੇ ਖੜ੍ਹੇ ਹੋਵੋਗੇ, ਹੈਰਾਨ ਹੋਵੋਗੇ ਕਿ ਕੀ ਹੋ ਗਿਆ।

20 ਅਤੇ ਉਸਨੇ ਕਿਹਾ, "ਦਰਸ਼ਨ ਤੇਰਾ ਅੰਤ ਸਮਾਂ ਨਹੀਂ ਹੈ। ਇਹ ਤੇਰੀ ਸੇਵਕਾਈ ਲਈ ਹੈ। ਉਹ ਤਲਵਾਰ ਵਚਨ ਹੈ। ਸੱਤ ਮੋਹਰਾਂ ਖੁੱਲ ਜਾਣਗੀਆਂ, ਦੇ ਭੇਤ..."

21 ਅਤੇ ਫਿਰ ਉਸ ਤੋਂ ਦੋ ਹਫ਼ਤੇ ਬਾਅਦ, ਜਾਂ ਸਗੋਂ ਦੋ ਮਹੀਨਿਆਂ ਬਾਅਦ, ਉਸ ਤੋਂ ਬਾਅਦ, ਜਦੋਂ ਇਹ ਵਾਪਰਿਆ ਤਾਂ ਮੈਂ ਦੋਸਤਾਂ ਦੇ ਝੁੰਡ ਨਾਲ ਪਹਾੜ ਉੱਤੇ ਸੀ। ਸੱਤ ਦੂਤ, ਬਸ ਇਸ ਤਰ੍ਹਾਂ ਸਾਫ ਜਿਵੇਂ ਕਿ ਤੁਸੀਂ ਇੱਥੇ ਖੜ੍ਹੇ ਹੋ, ਸਵਰਗ ਤੋਂ ਤੇਜ ਰਫ਼ਤਾਰ ਨਾਲ ਹੇਠਾਂ ਆਏ ਸਨ। ਪਹਾੜਾਂ ਦੀਆਂ ਚਟਾਨਾਂ ਰਿੜ ਕੇ ਪਹਾੜ ਤੋਂ ਹੇਠਾਂ ਆ ਗਈਆਂ, ਅਤੇ—ਅਤੇ ਉੱਥੇ ਖੜ੍ਹੇ ਲੋਕ ਚੀਕ ਰਹੇ ਸਨ ਅਤੇ ਜਾ ਰਹੇ ਸਨ, ਤੁਸੀਂ ਜਾਣਦੇ ਹੋ, ਅਤੇ ਹਰ ਪਾਸੇ ਧੂੜ ਉੱਡ ਰਹੀ ਸੀ। ਅਤੇ ਜਦੋਂ ਇਹ ਸੀ, ਉਸਨੇ ਕਿਹਾ, "ਆਪਣੇ ਘਰ ਵਾਪਸ ਜਾਓ। ਹੁਣ ਹੋਵੇਗਾ, ਹਰੇਕ ਦੂਤ ਸੱਤ ਮੋਹਰਾਂ ਵਿੱਚੋਂ ਇੱਕ ਮੋਹਰ ਹੋਵੇਗਾ।"

22 ਜੋ, ਇਹ ਟੇਪ ਤੇ ਹੈ। ਅਤੇ ਕਿਤਾਬ ਬਹੁਤ ਜਲਦੀ ਬਾਹਰ ਆ ਜਾਵੇਗੀ, ਹੁਣ ਇਸ ਨੂੰ ਵਿਆਕਰਣ ਦੇ ਅਨੁਸਾਰ ਬਣਾਇਆ ਗਿਆ ਹੈ। ਜਿਵੇਂ ਕਿ ਤੁਸੀਂ ਜਾਣਦੇ ਹੋ, ਮੇਰੀ ਵਿਆਕਰਣ ਬਹੁਤ ਵਧੀਆ ਨਹੀਂ ਹੈ, ਅਤੇ ਲੋਕ ਨਹੀਂ... ਤੁਹਾਨੂੰ ਸਿਰਫ਼ ਉਹ ਲੋਕ ਬਣਨਾ ਹੈ ਜੋ ਮੈਨੂੰ ਪਿਆਰ ਕਰਦੇ ਹਨ ਅਤੇ ਜਾਣਦੇ ਹਨ ਕਿ ਮੇਰੇ ਵਿਆਕਰਣ ਨਾਲ ਮੈਨੂੰ ਕਿਵੇਂ ਸਮਝਣਾ ਹੈ। ਪਰ ਕੁਝ ਧਰਮ ਸ਼ਾਸਤਰੀ ਮੇਰੇ ਲਈ ਇਸ ਨੂੰ ਵਿਆਕਰਣ ਅਨੁਸਾਰ ਕਰ ਰਹੇ ਹਨ, ਅਤੇ ਸਭ ਬਾਹਰ ਕੱਢ ਰਹੇ ਹਨ...ਅੱਛਾ, ਹੋ ਸਕਦਾ ਹੈ ਕਿ ਮੈਂ ਉੱਥੇ ਗਲਤ ਸ਼ਬਦ ਕਿਹਾ

ਹੋਵੇ। ਮੈਂ ਤਾਂ ਜਾਣਦਾ ਵੀ ਨਹੀਂ। ਇਸ ਲਈ, ਮੈਂ ਕਿਸੇ ਨੂੰ ਹੱਸਦੇ ਹੋਏ ਸੁਣਿਆ, ਇਸ ਲਈ ਮੈਂ ਇਹ ਅਨੁਮਾਨ ਲਗਾਇਆ "ਵਿਆਕਰਣ" ਸਹੀ ਨਹੀਂ ਸੀ। ਪਰ ਡੱਚਮੈਨ ਵਾਂਗ, ਤੁਸੀਂ ਮੈਨੂੰ ਉਸ ਲਈ ਲੈਂਦੇ ਹੋ ਜੋ ਮੇਰਾ ਮਤਲਬ ਹੈ ਨਾ ਕਿ ਜੋ ਮੈਂ ਕਹਿੰਦਾ ਹਾਂ, ਹੋ ਸਕਦਾ ਹੈ।

23 ਅਤੇ ਹੁਣ ਸਿਰਫ ਤਿੰਨ ਮਿੰਟ ਹਨ, ਮੈਨੂੰ ਦੱਸਿਆ ਗਿਆ ਹੈ, ਪ੍ਰੋਗਰਾਮ ਦੀ ਸਮਾਪਤੀ ਤੱਕ।

24 ਹੁਣ, ਤੁਸੀਂ ਰੇਡੀਓ ਖੇਤਰ ਵਿੱਚ ਪਿਆਰੇ ਲੋਕੋ, ਅਤੇ ਤੁਸੀਂ ਜੋ ਇੱਥੇ ਸਰੋਤਿਆਂ ਵਿੱਚ ਬਿਮਾਰ ਅਤੇ ਲੋੜਵੰਦ ਹੋ, ਕੀ ਤੁਸੀਂ ਬਸ ਹੁਣ ਇਕ ਦੂਜੇ ਤੇ ਹੱਥ ਰੱਖੋਗੇ ਜਦੋਂ ਕਿ ਅਸੀਂ ਬਿਮਾਰਾਂ ਲਈਂ ਪ੍ਰਾਰਥਨਾ ਦੇ ਕੁਝ ਸ਼ਬਦ ਬੋਲਦੇ ਹਾਂ। ਹੁਣ, ਯਿਸੂ ਨੇ ਕਿਹਾ, ਕਲੀਸਿਯਾ ਲਈ ਉਸਦੀ ਆਖਰੀ ਆਗਿਆ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ।" "ਵਾਲਿਆਂ," ਨਿਹਚਾ ਕਰਨ ਵਾਲਿਆਂ ਦੇ ਨਾਲ! "ਜੇ ਉਹ ਬਿਮਾਰਾਂ ਉੱਤੇ ਹੱਥ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ।"

25 ਪਿਆਰੇ ਸਵਰਗੀ ਪਿਤਾ, ਅਸੀਂ ਅੱਜ ਬੱਚਿਆਂ ਵਾਂਗ ਹਾਂ, ਅਸੀਂ ਉਸ ਦੀ ਪਾਲਣਾ ਕਰ ਰਹੇ ਹਾਂ ਜੋ ਤੁਸੀਂ ਕਿਹਾ ਹੈ। ਅਸੀਂ ਇਹਨਾਂ ਸਾਰੀਆਂ ਟੈਲੀਫੋਨ ਬੇਨਤੀਆਂ ਤੇ ਹੱਥ ਰੱਖ ਰਹੇ ਹਾਂ। ਤੁਸੀਂ ਉਨ੍ਹਾਂ ਨੂੰ ਬਾਹਰ ਦੀ ਧਰਤੀ ਵਿੱਚ ਵੇਖਦੇ ਹੋ, ਉਹ ਕਿੰਨੇ ਲੋੜਵੰਦ ਹਨ, ਦੁਖੀ ਹਨ। ਤੁਸੀਂ ਇੱਥੇ ਉਨ੍ਹਾਂ ਨੂੰ ਦੇਖਦੇ ਹੋ ਜੋ ਲੋੜਵੰਦ ਹਨ, ਦੁਖੀ ਹਨ। ਅਤੇ ਅਸੀਂ ਉਨ੍ਹਾਂ ਨੂੰ ਤੁਹਾਨੂੰ ਸੌਂਪ ਰਹੇ ਹਾਂ, ਪਿਆਰੇ ਪਰਮੇਸ਼ੁਰ, ਤੁਹਾਡੇ ਬਚਨ ਵਿੱਚ ਇਸ ਵਿਸ਼ਵਾਸ ਨਾਲ ਜੋ ਤੁਸੀਂ ਕਿਹਾ ਹੈ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ। ਜੇਕਰ ਉਹ ਆਪਣੇ ਹੱਥ ਬਿਮਾਰਾਂ ਉੱਤੇ ਰਖਣਗੇ ਤਾਂ ਉਹ ਚੰਗੇ ਹੋ ਜਾਣਗੇ।" ਇਸ ਨੂੰ ਬਖਸ਼ ਦਿਓ, ਪ੍ਰਭੂ, ਯਿਸੂ ਮਸੀਹ ਦੇ ਨਾਮ ਵਿੱਚ। ਆਮੀਨ। [ਟੇਪ ਤੇ ਖਾਲੀ ਥਾਂ—ਸੰਪਾ.]

[ਭਾਈ ਬ੍ਰਨਹਾਮ ਨੇ ਰੇਡੀਓ ਦਾ ਪਹਿਲਾ ਪ੍ਰਸਾਰਣ ਸਮਾਪਤ ਕਰਦੇ ਹਨ—ਸੰਪਾ.]

☆ ☆ ☆ ☆ ☆ ☆ ☆

26 ਧੰਨਵਾਦ, ਭਾਈ ਸ਼ਕੇਰੀਅਨ। ਪ੍ਰਸਾਰਣ ਤੇ ਦੁਬਾਰਾ ਵਾਪਸ ਆਉਣਾ ਨਿਸ਼ਚਤ ਤੌਰ ਤੇ ਇੱਕ ਸ਼ਾਨਦਾਰ ਸਨਮਾਨ ਹੈ, ਰੇਡੀਓ ਖੇਤਰ ਵਿੱਚ ਸਾਡੇ ਕੁਝ ਦੋਸਤਾਂ ਨਾਲ ਗੱਲ ਕਰਨ ਲਈ, ਅਤੇ ਨਾਲ ਹੀ ਜਿਹੜੇ ਇੱਥੇ ਹਾਜ਼ਰ ਹਨ।

27 ਅਤੇ ਅਸੀਂ ਯਕੀਨਨ ਤੁਹਾਨੂੰ ਇਹ ਸੱਦਾ ਦੇ ਰਹੇ ਹਾਂ, ਕੱਲ ਦੁਪਹਿਰ ਨੂੰ ਅੰਬੈਸੀ ਹੋਟਲ ਵਿੱਚ ਆ ਕੇ, ਪ੍ਰਾਰਥਨਾ ਕਰਾਉਣ ਲਈ। ਅਤੇ ਕੇਵਲ ਇਹ ਹੀ ਨਹੀਂ, ਸਗੋਂ ਉਨ੍ਹਾਂ ਨੂੰ ਲਿਆਉਣ ਲਈ ਜੋ ਪਾਪੀ ਹਨ ਅਤੇ ਜਿਹੜੇ ਪਿੱਛੇ ਹਟ ਗਏ ਹਨ। ਜੇ ਸਾਡੇ ਕੋਲ ਬਿਮਾਰਾਂ ਲਈ ਪ੍ਰਾਰਥਨਾ ਹੈ, ਅਤੇ ਅਸੀਂ ਪਰਮੇਸ਼ੁਰ ਨੂੰ ਲਗਾਤਾਰ ਮਹਾਨ ਚਮਤਕਾਰ ਕਰਦੇ ਦੇਖਦੇ ਹਾਂ, ਪਰ ਇਹ ਦੂਜੀ ਗੱਲ ਹੈ। ਮੁੱਖ ਗੱਲ ਹੈ ਬਚਾਇਆ ਜਾਣਾ, ਪਰਮੇਸ਼ੁਰ ਦੀ ਆਤਮਾ ਨਾਲ ਭਰਪੂਰ ਹੋਣਾ, ਜਿਸ ਬਾਰੇ ਮੈਂ ਇੱਥੇ ਕੁਝ ਪਲਾਂ ਵਿੱਚ ਤੁਹਾਡੇ ਨਾਲ ਗੱਲ ਕਰਨ ਜਾ ਰਿਹਾ ਹਾਂ, ਅਤੇ ਸਾਨੂੰ ਪਰਮੇਸ਼ੁਰ ਦੀ ਆਤਮਾ ਨਾਲ ਭਰਪੂਰ ਹੋਣਾ ਚਾਹੀਦਾ ਹੈ।

28 ਅਤੇ ਰੱਬੀ ਚੰਗਾਈ ਆਮ ਤੌਰ ਤੇ ਲੋਕਾਂ ਦਾ ਧਿਆਨ ਖਿੱਚਦੀ ਹੈ, ਅਤੇ ਉਹਨਾਂ ਨੂੰ ਪਰਮੇਸ਼ਵਰ ਦੀ ਹਜ਼ੂਰੀ ਵਿੱਚ ਲਿਆਉਂਦੀ ਹੈ। ਜਦੋਂ ਪਰਮੇਸ਼ਵਰ ਕੁਝ ਅਜਿਹਾ ਕਰਦਾ ਹੈ ਜੋ—ਜੋ ਉਹ ਜਾਣਦੇ ਹਨ ਕਿ ਗੈਰ-...ਖੈਰ, ਇਸ ਨੂੰ ਸਮਝਿਆ ਨਹੀ ਗਿਆ ਹੈ। ਅਸੀਂ ਮਸ਼ੀਨੀ ਤੌਰ ਤੇ ਇਹ ਨਹੀਂ ਦਿਖਾ ਸਕਦੇ ਕਿ ਇਹ ਕਿਵੇਂ ਕੀਤਾ ਜਾਂਦਾ ਹੈ। ਪਰਮੇਸ਼ਵਰ ਆਪਣੇ ਮਹਾਨ ਤਰੀਕੇ ਨਾਲ ਇਸ ਨੂੰ ਕਰਦਾ ਹੈ। ਫਿਰ ਉਹ ਲੋਕਾਂ ਦਾ ਧਿਆਨ ਖਿੱਚਦਾ ਹੈ, ਇਹ ਦੱਸਣ ਲਈ ਕਿ ਕਿਤੇ ਇੱਕ ਸ਼ਕਤੀ ਮੌਜੂਦ ਹੈ, ਜੋ ਕੁਝ ਅਜਿਹਾ ਕਰ ਸਕਦੀ ਹੈ ਜੋ ਮਨੁੱਖੀ ਸਮਝ ਤੋਂ ਪਾਰ ਹੈ, ਅਤੇ ਇਹ ਉਹਨਾਂ ਦਾ ਪਰਮੇਸ਼ੁਰ ਦੇ ਲੇਲੇ ਵੱਲ ਦੇਖਣ ਦਾ ਕਾਰਨ ਬਣਦਾ ਹੈ। ਅਤੇ ਹਮੇਸ਼ਾ, ਰੱਬੀ ਚੰਗਾਈ, ਮੈਨੂੰ ਦੱਸਿਆ ਗਿਆ ਹੈ, ਅਤੇ ਮੈਂ ਆਪ ਵੀ, ਵਿਸ਼ਵਾਸ ਕਰਦਾ ਹਾਂ, ਕਿ ਸਾਡੇ ਪ੍ਰਭੂ ਦੀ ਸੇਵਕਾਈ ਦਾ ਲਗਭਗ ਸੱਠ, ਸ਼ਾਇਦ, ਅਤੇ ਸੱਤਰ ਪ੍ਰਤੀਸ਼ਤ ਦੇ ਵਿਚਕਾਰ, ਰੱਬੀ ਚੰਗਾਈ ਤੇ ਸੀ। ਅਤੇ ਉਸਨੇ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਅਜਿਹਾ ਕੀਤਾ। ਤਦ ਜਦੋਂ ਉਹ ਉੱਥੇ ਸਨ, ਉਸਨੇ ਕਿਹਾ, "ਜਦੋਂ ਤੱਕ ਤੁਸੀਂ ਵਿਸ਼ਵਾਸ ਨਹੀਂ ਕਰਦੇ ਕਿ ਮੈਂ ਉਹ ਹਾਂ, ਤੁਸੀਂ ਆਪਣੇ ਪਾਪ ਵਿੱਚ ਨਾਸ਼ ਹੋ ਜਾਵੋਗੇ।"

29 ਹੁਣ, ਰੱਬੀ ਚੰਗਾਈ ਇੱਕ ਮਹਾਨ ਆਕਰਸ਼ਣ ਹੈ, ਲੋਕਾਂ ਨੂੰ ਪ੍ਰਭੂ ਯਿਸੂ ਵੱਲ ਵੇਖਣ ਲਗਾਉਣ ਲਈ। ਅਤੇ ਡਾਕਟਰ ਐਫ.ਐਫ. ਬੋਸਵਰਥ, ਜੋ ਤੁਹਾਡੇ ਵਿੱਚੋਂ ਬਹੁਤ ਸਾਰੇ ਹਨ, ਇੱਕ ਦੋਸਤ ਸੀ, ਅਤੇ ਉਸਨੂੰ ਜਾਣਦਾ ਸੀ, ਅਤੇ ਉਸਦੀ ਸੇਵਕਾਈ ਇੱਕ ਨੌਜਵਾਨ ਸੇਵਕ ਵਜੋਂ ਮੇਰੇ ਲਈ ਬਹੁਤ ਮਾਇਨੇ ਰੱਖਦੀ ਸੀ। ਮੈਂ ਆਪਣੀਆਂ ਸਭਾਵਾਂ ਸ਼ੁਰੂ ਕੀਤੀਆਂ, ਅਤੇ ਮੈਂ ਅਚਾਨਕ ਭਾਈ ਬੋਸਵਰਥ ਨੂੰ ਮਿਲਿਆ। ਉਹ ਕਹਿੰਦਾ ਹੁੰਦਾ ਸੀ, "ਰੱਬੀ ਚੰਗਾਈ," ਇਹ ਹੁਣ ਇੱਕ ਕੱਚਾ ਛੋਟਾ ਜਿਹਾ ਬਿਆਨ ਹੈ, ਉਸ ਨੇ ਕਿਹਾ, "ਰੱਬੀ ਚੰਗਾਈ ਮੱਛੀ ਫੜਨ ਵਾਲੀ ਕੁੰਡੀ ਤੇ ਲੁਭਾਉਣ ਵਾਲਾ ਚਾਰਾ ਹੈ।" ਕਿਹਾ, "ਤੁਸੀਂ ਕਦੇ ਵੀ ਮੱਛੀ ਨੂੰ ਕੁੰਡੀ ਨਹੀਂ ਦਿਖਾਉਂਦੇ। ਤੁਸੀਂ ਉਸਨੂੰ ਚਾਰਾ ਦਿਖਾਉਂਦੇ ਹੋ, ਅਤੇ ਫਿਰ ਉਹ ਚਾਰੇ ਦੇ ਪਿੱਛੇ ਲੱਗ ਜਾਂਦਾ ਹੈ ਅਤੇ ਕੁੰਡੀ ਤੇ ਆ ਜਾਂਦਾ ਹੈ।"

ਸੋ ਅਸੀਂ ਇਹੀ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਹ ਸਾਡਾ...ਅਸੀਂ...ਸਾਡਾ ਉਦੇਸ਼ ਲੋਕਾਂ ਨੂੰ ਪ੍ਰਭੂ ਯਿਸੂ ਮਸੀਹ ਤੱਕ ਪਹੁੰਚਾਉਣਾ ਹੈ। ਅਤੇ ਉਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ। ਇਸ ਲਈ ਜੇਕਰ ਉਹ ਬੀਤੇ ਦਿਨਾਂ ਵਿੱਚ ਚੰਗਾ ਕਰਨ ਵਾਲਾ ਸੀ, ਤਾਂ ਉਹ ਅੱਜ ਚੰਗਾ ਕਰਨ ਵਾਲਾ ਹੈ।

30 ਰੇਡੀਓ ਖੇਤਰ ਵਿੱਚ ਬਿਮਾਰਾਂ ਲਈ ਪ੍ਰਾਰਥਨਾ ਕਰਨ ਤੋਂ ਪਹਿਲਾਂ ਬੱਸ ਇੱਕ ਨਿੱਜੀ ਗਵਾਹੀ। ਇਹ ਕੁਝ ਦਿਨ ਪਹਿਲਾਂ ਦੀ ਗੱਲ ਹੈ, ਮੈਂ ਪਹਾੜਾਂ ਵਿੱਚ ਬੈਠਾ ਸੀ ਜਿੱਥੇ ਇੱਕ ਬਹੁਤ ਵੱਡੀ ਘਟਨਾ ਵਾਪਰੀ ਸੀ ਉੱਥੇ ਪੰਦਰਾਂ ਜਾਂ ਵੀਹ ਭਾਈਆਂ ਦੇ ਸਾਹਮਣੇ, ਜਿੱਥੇ ਪ੍ਰਭੂ ਦਾ ਦੂਤ ਇਸ ਤਰ੍ਹਾਂ ਹੇਠਾਂ ਆਇਆ, ਅਤੇ ਮਹਾਨ ਰੌਸ਼ਨੀ ਇੱਕ ਧੂਮਕੇਤੂ ਵਾਂਗ ਉੱਡਦੀ ਹੈ, ਪਹਾੜਾਂ ਦੇ ਆਲੇ ਦੁਆਲੇ ਫਟ ਰਹੀ ਸੀ, ਅਤੇ ਚੱਟਾਨਾਂ ਦੋ ਸੌ ਫੁੱਟ, ਜਾਂ ਇਸ ਤੋਂ ਵੱਧ, ਉੱਡ ਰਹੀਆਂ ਸਨ, ਉੱਥੇ ਦਰੱਖਤਾਂ ਦੇ ਸਿਖਰ ਨੂੰ ਕੱਟ ਰਹੀਆਂ ਸਨ। ਅਤੇ ਮੈਂ ਬਿਲਕੁਲ ਇਸਦੇ ਹੇਠਾਂ ਖੜ੍ਹਾ ਸੀ। ਅਤੇ ਇਹ ਵਾਪਰਨ ਤੋਂ ਕੁਝ ਮਹੀਨੇ ਪਹਿਲਾਂ ਉਨ੍ਹਾਂ ਨੂੰ ਦੱਸਿਆ ਸੀ, ਇਹ ਉੱਥੇ ਹੋਵੇਗਾ ਅਤੇ ਕੀ ਹੋਵੇਗਾ; ਸਪੱਸ਼ਟ ਤੌਰ ਤੇ, ਇਹ ਇੱਕ ਦਿਨ ਪਹਿਲਾਂ ਦੱਸਿਆ ਗਿਆ ਸੀ। ਅਤੇ ਇਹ ਸਾਰੇ ਆਦਮੀ ਟਰੱਕਾਂ ਅਤੇ ਹਰ ਚੀਜ਼ ਦੇ ਹੇਠਾਂ ਭੱਜ ਰਹੇ ਸਨ, ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ। ਉਹ ਨਹੀਂ ਜਾਣਦੇ ਸਨ ਕਿ ਕੀ ਹੋਇਆ ਸੀ। ਅਤੇ ਉਸਨੇ ਬੋਲਿਆ ਅਤੇ ਕਿਹਾ ਕਿ ਤੁਰੰਤ ਬਾਅਦ ਵਿੱਚ ਕੀ ਹੋਵੇਗਾ।

31 ਉੱਥੇ ਇਸ ਖਾਸ ਚੱਟਾਨ ਤੇ ਬੈਠਾ, ਠੀਕ ਜਿੱਥੇ ਉਹ ਪ੍ਰਗਟ ਹੋਇਆ ਸੀ, ਮੇਰਾ ਇੱਕ—ਇੱਕ ਦੋਸਤ ਸੀ ਜੋ ਸਾਡੇ ਨਾਲ ਸੀ, ਜੋ ਮਿਨੀਸੋਟਾ ਵਿੱਚ ਉੱਪਰ ਤੋਂ ਹੇਠਾਂ ਆਇਆ ਸੀ। ਉਸਦੇ ਲੋਕ ਅੱਜ ਸਵੇਰੇ ਇੱਥੇ ਹਨ ਅਤੇ ਮੈਨੂੰ ਯਕੀਨ ਤਾਂ ਨਹੀਂ ਹੈ ਕਿ ਉਹ ਇੱਥੇ ਕਿਸੇ ਹੋਰ ਮੰਜ਼ਿਲ ਤੇ ਹੋ ਸਕਦਾ ਹੈ। ਇਹ ਡੋਨਾਵੋਨ ਵਰਟਸ ਸੀ, ਅਤੇ ਇੱਕ ਵਧੀਆ ਨੌਜਵਾਨ ਸਾਥੀ, ਇੱਕ ਲੂਥਰਨ ਜਿਸਨੇ ਹਾਲ ਹੀ ਵਿੱਚ ਮਸੀਹ ਨੂੰ ਆਪਣਾ ਜੀਵਨ ਦਿੱਤਾ ਸੀ ਅਤੇ ਆਤਮਾ ਨਾਲ ਭਰਿਆ ਹੋਇਆ ਸੀ। ਬਹੁਤ ਨਿਮਰ ਜਰਮਨ ਲੜਕਾ, ਲਗਭਗ ਤੀਹ ਸਾਲ ਦਾ, ਪਰਿਵਾਰ, ਦੋ ਜਾਂ ਤਿੰਨ ਛੋਟੇ ਬੱਚੇ। ਉਹ ਮੇਰੇ ਨਾਲ ਗੁਆਂਢੀ ਬਣਨ ਲਈ ਟਯੂਸਾਨ ਵਿੱਚ ਚਲਾ ਗਿਆ, ਜਿੱਥੇ ਤਿੰਨ ਚਾਰ ਸੌ ਲੋਕ ਗੁਆਂਢੀ ਬਣਨ ਲਈ ਆ ਗਏ ਸਨ। ਇਸ ਲਈ ਉਹ...

32 ਅਤੇ ਮੈਨੂੰ ਖੁਸ਼ੀ ਹੈ ਕਿ ਮੇਰੇ ਕੋਲ ਅਜਿਹੇ ਗੁਆਂਢੀ ਹਨ। ਉਹ ਦੱਖਣੀ ਅਫ਼ਰੀਕਾ ਤੋਂ, ਅਤੇ ਆਲੇ-ਦੁਆਲੇ ਹਰ ਥਾਂ, ਸਿਰਫ਼ ਨੇੜੇ ਰਹਿਣ ਅਤੇ ਦੇਖਣ ਲਈ ਮੇਰਾ ਪਿੱਛਾ ਕਰਦੇ ਹਨ...ਮੇਰੇ ਨਾਲ, ਅਤੇ ਮੇਰੇ ਨਾਲ ਰਹਿਣ ਅਤੇ ਪ੍ਰਭੂ ਦੀਆਂ ਖੁਸ਼ੀਆਂ ਦਾ ਆਨੰਦ ਲੈਣ ਲਈ।

ਅਜਿਹਾ ਨਿਮਰ ਵਿਅਕਤੀ, ਮੈਂ ਉਸ ਵੱਲ ਕਦੇ ਵੀ ਬਹੁਤਾ ਧਿਆਨ ਨਹੀਂ ਦਿੱਤਾ ਸੀ।

33 ਬੇਸ਼ੱਕ, ਜਿਨ੍ਹਾਂ ਲੋਕਾਂ ਨੂੰ ਮੈਂ ਜਾਣਦਾ ਹਾਂ ਅਤੇ ਜਿਨ੍ਹਾਂ ਨਾਲ ਜੁੜਦਾ ਹਾਂ ਉਹ ਮੇਰੇ ਆਪਣੇ ਭਰਾ, ਭੈਣ ਵਰਗੇ ਹਨ। ਮੈਂ ਉਹਨਾਂ ਨੂੰ ਦੇਖਦਾ ਹਾਂ, ਅਤੇ ਦੇਖਦਾ ਹਾਂ ਕਿ ਕੌਣ, ਜੇ ਮੈਨੂੰ ਲੱਗਦਾ ਹੈ ਕਿ ਉਹ ਲਾਈਨ ਤੋਂ ਬਾਹਰ ਜਾ ਰਹੇ ਹਨ, ਅਤੇ ਉਨ੍ਹਾਂ ਨੂੰ ਇੱਕ ਪਾਸੇ ਲੈ ਜਾਂਦਾ ਹਾਂ ਅਤੇ ਉਨ੍ਹਾਂ ਨਾਲ ਗੱਲ ਕਰਦਾ ਹਾਂ, ਕਿਉਂਕਿ ਮੈਂ ਉਨ੍ਹਾਂ ਨੂੰ ਪਿਆਰ ਕਰਦਾ ਹਾਂ। ਅਸੀਂ ਮਹਿਮਾ ਵਿੱਚ ਇਕੱਠੇ ਰਹਿਣਾ ਚਾਹੁੰਦੇ ਹਾਂ। ਅਤੇ ਕਈ ਵਾਰ ਹੋ ਸਕਦਾ ਹੈ, ਮੀਟਿੰਗਾਂ ਵਿੱਚ, ਤੁਸੀਂ ਸੋਚਦੇ ਹੋ ਕਿ ਮੈਂ ਤੁਹਾਡੇ ਨਾਲ ਕਠੋਰ ਗੱਲ ਕਰਦਾ ਹਾਂ। ਇਹ ਇਸ ਤੋਂ ਨਹੀਂ... ਇਹ ਇਸ ਲਈ ਨਹੀਂ ਕਿ ਮੈਂ ਤੁਹਾਨੂੰ ਪਿਆਰ ਨਹੀਂ ਕਰਦਾ, ਪਰ ਇਹ ਮੇਰੇ ਦਿਲ ਤੋਂ ਆਉਂਦਾ ਹੈ, ਕਿਉਂਕਿ ਮੈਂ—ਮੈਂ...ਇਹ ਕੇਵਲ ਇੱਕ ਤਰੀਕਾ ਹੋਣਾ ਚਾਹੀਦਾ ਹੈ। ਪਰਮੇਸ਼ਵਰ ਦੀ ਸੇਵਾ ਕਰਨ ਦਾ ਇੱਕ ਹੀ ਤਰੀਕਾ ਹੈ, ਅਤੇ ਉਹ ਹੈ...ਅਤੇ ਸਾਨੂੰ ਉਸਦੇ ਰਾਹ ਵਿੱਚ ਰਹਿਣਾ ਚਾਹੀਦਾ ਹੈ, ਭਾਵੇਂ ਸਾਡੇ ਵਿਚਾਰ ਜੋ ਵੀ ਹੋਣ। ਉਸਦਾ ਰਾਹ!

34 ਅਤੇ ਮੈਂ ਦੇਖਿਆ ਡੋਨਾਵੋਨ, ਉਸਦੇ ਕੰਨ ਦੇ ਸੱਜੇ ਸਿਰੇ ਤੋਂ, ਸ਼ਾਇਦ ਇਸਦੇ ਆਕਾਰ ਤੋਂ ਤਿੰਨ ਗੁਣਾ ਸੁੱਜਿਆ ਹੋਇਆ ਸੀ, ਅਤੇ ਬਹੁਤ ਲਾਲ ਦਿਖਾਈ ਦੇ ਰਿਹਾ ਸੀ। ਖੈਰ, ਹੁਣ ਸੋਚਿਆ ਜਾ ਸਕਦਾ ਹੈ ਕਿ, ਉੱਥੇ ਕੁਝ ਦਿਨਾਂ ਲਈ ਰੇਗਿਸਤਾਨ ਵਿੱਚ, ਜਿੱਥੇ ਅਸੀਂ ਰਹੇ ਸੀ, ਹੋ ਸਕਦਾ ਹੈ ਕਿ ਉਸਦੇ ਕੰਨ ਵਿੱਚ ਕੋਈ ਕੈਕਟਸ ਪੈ ਗਿਆ ਹੋਵੇ। ਪਰ, ਉਸ ਦਾ ਹੱਥ ਫੜਣ ਤੇ, ਮੈਨੂੰ ਪਤਾ ਲੱਗਾ ਕਿ ਇਹ ਕੈਂਸਰ ਸੀ। ਇਸ ਲਈ ਮੈਂ ਡੋਨਾਵੋਨ ਨੂੰ ਕਿਹਾ, ਮੈਂ ਕਿਹਾ, "ਡੋਨਾਵੋਨ, ਤੁਹਾਡੇ ਕੋਲ ਹੈ...ਇਹ ਤੁਹਾਡੇ ਕੰਨ ਤੇ ਕਿੰਨੇ ਚਿਰ ਤੋਂ ਹੈ?" ਉਸਨੂੰ ਥੋੜ੍ਹਾ ਝਾਸਾ ਦੇਣ ਲਈ, ਜਿਵੇਂ ਮੈਨੂੰ ਨਹੀਂ ਪਤਾ ਸੀ। ਮੈਂ ਕਿਹਾ, "ਡੋਨਾਵੋਨ, ਇਹ ਉਥੇ ਕਿੰਨੇ ਚਿਰ ਤੋਂ ਹੈ?"

ਉਸ ਨੇ ਕਿਹਾ, "ਭਾਈ ਬ੍ਰਨਹਾਮ, ਲਗਭਗ ਛੇ ਮਹੀਨੇ ਤੋਂ," ਉਸ ਨੇ ਕਿਹਾ।

ਮੈਂ ਕਿਹਾ, "ਤੁਸੀਂ ਮੇਰੇ ਨਾਲ ਇਸ ਦਾ ਜ਼ਿਕਰ ਕਿਉਂ ਨਹੀਂ ਕੀਤਾ?"

35 ਉਸ ਨੇ ਕਿਹਾ, "ਔ, ਤੁਹਾਨੂੰ ਇੰਨਾ ਵਿਅਸਤ ਦੇਖ ਕੇ," ਕਿਹਾ, "ਮੈਂ ਇਹ ਨਹੀਂ ਕਰਨਾ ਚਾਹੁੰਦਾ ਸੀ।" ਕਿਹਾ, "ਮੈਂ ਬਸ ਸੋਚਿਆ ਕਿ ਸ਼ਾਇਦ ਕਦੇ ਪ੍ਰਭੂ ਤੁਹਾਨੂੰ ਦੱਸੇਗਾ।"

ਤਾਂ ਮੈਂ ਕਿਹਾ, "ਕੀ ਤੁਸੀਂ ਸਮਝਦੇ ਹੋ ਕਿ ਇਹ ਕੀ ਹੈ?"

ਉਸ ਨੇ ਕਿਹਾ, "ਮੈਨੂੰ ਚੰਗੀ ਤਰ੍ਹਾਂ ਪਤਾ ਹੈ।"

ਮੈਂ ਕਿਹਾ, "ਇਹ ਸਹੀ ਹੈ।"

36 ਅਤੇ ਦੂਜੀ ਸਵੇਰ, ਇਸ ਤੋਂ ਵੱਧ ਨਹੀਂ, ਮੁੰਡੇ ਦਾ ਹੱਥ ਫੜਣ ਤੋਂ, ਦੂਜੇ ਸਵੇਰ ਉਸਦੇ ਕੰਨ ਤੇ ਇਕ ਵੀ ਨਿਸ਼ਾਨ ਨਹੀਂ ਸੀ। ਸਭ ਕੁਝ ਪੂਰੀ ਤਰ੍ਹਾਂ ਠੀਕ ਹੋ ਗਿਆ ਸੀ।

37 ਇਸ ਲਈ ਕਈ ਵਾਰ ਅਸੀਂ ਜੋਰ ਲਗਾਉਂਦੇ ਹਾਂ, ਅਤੇ *ਇਸ, ਉਹ* ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜਾਂ...ਦੇਖੋ, ਇਹ ਹੈ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ।" ਇਸ ਨੇ ਇਹ ਨਹੀਂ ਕਿਹਾ "ਜੇ ਉਹ ਬਿਮਾਰਾਂ ਲਈ ਪ੍ਰਾਰਥਨਾ ਕਰਨਗੇ।" "ਜੇ ਉਹ ਬਿਮਾਰਾਂ ਉੱਤੇ ਹੱਥ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ!" ਸਾਨੂੰ ਆਪਣੇ ਆਪ ਵਿੱਚ ਵਿਸ਼ਵਾਸ ਹੋਣਾ ਚਾਹੀਦਾ ਹੈ, ਜੋ ਅਸੀਂ ਕਰ ਰਹੇ ਹਾਂ। ਠੀਕ ਹੈ।

38 ਇਸ ਲਈ ਹੁਣ ਡੋਨਾਵੋਨ ਸ਼ਾਇਦ ਇੱਥੇ ਹੈ। ਤੁਸੀਂ ਉਸਨੂੰ ਮਿਲੋਗੇ। ਉਹ ਇੱਥੇ ਹੋਵੇਗਾ, ਜੇਕਰ ਉਹ ਅੱਜ ਸਵੇਰੇ ਇੱਥੇ ਨਹੀਂ ਹੈ, ਕਿਸੇ ਹੋਰ ਮੰਜ਼ਿਲ ਤੇ। ਤੁਸੀਂ ਉਸ ਨੂੰ ਮਿਲੋਗੇ, ਅਤੇ ਉਹ ਗਵਾਹੀ ਨੂੰ ਜਾਣ ਲਵੇਗਾ।

39 ਅਤੇ ਮੈਂ ਹੋਰ ਕੀ ਕਹਿ ਸਕਦਾ ਹਾਂ? ਮੇਰਾ ਮੰਨਣਾ ਹੈ ਕਿ ਲੂਕਾ, ਜਾਂ ਯੂਹੰਨਾ, ਇੱਕ ਨੇ ਕਿਹਾ ਕਿ ਸੰਸਾਰ ਨਹੀਂ-...ਫੜ, ਜੇ ਉਹਨਾਂ ਸਾਰਿਆਂ ਕੰਮਾਂ ਨੂੰ ਪੁਸਤਕਾਂ ਵਿੱਚ ਲਿਖਿਆ ਜਾਵੇ ਤਾਂ ਇੰਨੀਆਂ ਪੁਸਤਕਾਂ ਸੰਸਾਰ ਵਿੱਚ ਨਹੀਂ ਸਮਾ ਸਕਦੀਆਂ; ਕਿੰਨੇ ਬਿਮਾਰ ਠੀਕ ਕੀਤੇ ਗਏ ਹਨ, ਸ਼ਰਾਬੀ ਛੁਡਾਏ ਗਏ ਹਨ, ਉਨ੍ਹਾਂ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ, ਅਤੇ ਹਰ ਕਿਸਮ ਦੀਆਂ ਬਿਮਾਰੀਆਂ ਅਤੇ ਮੁਸੀਬਤਾਂ ਤੋਂ।

40 ਹੁਣ, ਤੁਸੀਂ ਜਿਹੜੇ ਰੇਡੀਓ ਖੇਤਰ ਵਿੱਚ ਹੋ, ਜਿਹੜੇ ਇੱਥੇ ਵੀ ਹੋ, ਮੇਰੇ ਕੋਲ ਹੁਣ ਇੱਥੇ ਬਹੁਤ ਸਾਰੀਆਂ ਮੁੱਠੀ ਭਰ ਬੇਨਤੀਆਂ ਹਨ ਜੋ ਅੱਜ ਸਵੇਰੇ ਫੋਨ ਦੁਆਰਾ ਆਈਆਂ ਹਨ, ਜਦੋਂ ਤੋਂ ਅਸੀਂ ਇੱਥੇ ਹਾਂ ਲਗਾਤਾਰ ਘੰਟੀ ਵੱਜ ਰਹੀ ਹੈ। ਅਤੇ ਇਸ ਲਈ ਅਸੀਂ...ਅੱਜ ਸਵੇਰੇ ਟੈਲਫੋਨ ਰਾਹੀਂ, ਇੱਕ ਸੌ ਛਿਆਨਵੇਂ ਬੇਨਤੀਆਂ ਆਈਆਂ ਹਨ, ਜਦੋਂ ਤੋਂ ਅਸੀਂ ਇੱਥੇ ਹਾਂ। ਇਸ ਲਈ ਆਓ ਹੁਣ ਅਸੀਂ ਪ੍ਰਾਰਥਨਾ ਵਿੱਚ ਸ਼ਾਮਿਲ ਹੋਈਏ ਜਿਵੇਂ ਹਰੇਕ...ਤੁਸੀਂ ਜਿੱਥੇ ਵੀ ਹੋ, ਦੇਸ਼ ਦੇ ਬਾਹਰ, ਜੇ ਤੁਸੀਂ ਵਿਸ਼ਵਾਸੀ ਹੋ, ਤਾਂ ਇੱਕ ਦੂਜੇ ਉੱਤੇ ਹੱਥ ਰੱਖੋ, ਜੇ ਨਹੀਂ, ਤਾਂ ਆਪਣਾ ਹੱਥ ਬਾਈਬਲ ਜਾਂ ਉਥੇ ਕਿਸੇ ਚੀਜ਼ ਤੇ ਰੱਖੋ, ਜਦੋਂ ਅਸੀਂ ਇੱਥੇ ਅਤੇ ਉਥੇ ਪ੍ਰਾਰਥਨਾ ਕਰਦੇ ਹਾਂ।

41 ਪਿਆਰੇ ਸਵਰਗੀ ਪਿਤਾ, ਡੋਨਾਵੋਨ ਵਰਟਸ ਦੀ ਛੋਟੀ ਗਵਾਹੀ, ਹਜ਼ਾਰਾਂ ਵਿੱਚੋਂ ਸਿਰਫ਼ ਇੱਕ, ਪ੍ਰਭੂ, ਕਿ ਤੁਸੀਂ ਇੰਨੇ ਮਿਹਰਬਾਨ ਰਹੇ ਹੋ...ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇੱਥੇ ਅਤੇ ਰੇਡੀਓ ਖੇਤਰ ਦੋਵੇਂ ਥਾਈਂ ਲੋਕਾਂ ਦੇ ਦਿਲਾਂ

ਵਿੱਚ ਝਾਤੀ ਮਾਰੋਗੇ। ਅਤੇ ਉਹ, ਹਰ ਇੱਕ, ਚੰਗਾ ਹੋ ਜਾਵੇ। ਦੁਸ਼ਟ ਉਨ੍ਹਾਂ ਨੂੰ ਛੱਡ ਦੇਵੇ, ਅਤੇ ਉਹ ਉਨ੍ਹਾਂ ਦੇ ਸਾਰੇ ਦੁੱਖਾਂ ਤੋਂ ਛੁਟਕਾਰਾ ਪਾਉਣ। ਇਹ ਬਖਸ਼ ਦਿਓ, ਪਿਤਾ। ਯਿਸੂ ਮਸੀਹ, ਤੁਹਾਡੇ ਪੁੱਤਰ, ਦੇ ਨਾਮ ਵਿੱਚ, ਅਸੀਂ ਇਸਨੂੰ ਮੰਗਦੇ ਹਾਂ। ਆਮੀਨ।

ਤੁਹਾਡਾ ਧੰਨਵਾਦ, ਪ੍ਰਭੂ...[ਟੇਪ ਤੇ ਖਾਲੀ ਥਾਂ—ਸੰਪਾ.]

[ਭਾਈ ਬ੍ਰਨਹਾਮ ਦੂਜੇ ਰੇਡੀਓ ਪ੍ਰਸਾਰਣ ਨੂੰ ਸਮਾਪਤ ਕਰਦੇ ਹਨ—ਸੰਪਾ.]

☆ ☆ ☆ ☆ ☆ ☆ ☆

42 ਖੈਰ, ਅੱਜ ਸਵੇਰੇ ਇੱਥੇ ਮੇਰੇ ਲਈ ਇਹ ਤੀਜੀ ਵਾਰ ਹੈ। ਮੇਰੇ! ਅਤੇ, ਤੁਸੀਂ ਜਾਣਦੇ ਹੋ, ਸਾਨੂੰ ਬਸ ਇਹ ਦੱਸਿਆ ਗਿਆ ਸੀ ਕਿ ਲਗਭਗ ਬਾਰਾਂ, ਚੌਦਾਂ, ਜਾਂ ਕੁਝ ਮਿੰਟਾਂ ਵਿੱਚ ਇਮਾਰਤ ਨੂੰ ਖਾਲੀ ਕਰਨਾ ਪਏਗਾ। ਅਤੇ ਪਰਬੰਧਨ ਨੇ ਕਿਹਾ ਸੀ, ਜੋ ਕਿਸੇ ਦੂਜੀ ਮੰਜ਼ਿਲ ਤੇ ਹਨ, ਅਤੇ ਉਹ ਕੋਈ ਖਾਣਾ ਨਹੀਂ ਪਰੋਸ ਸਕਦੇ ਹਨ। ਸਾਡਾ ਖਾਣਾ ਲੰਮਾ ਚਲਿਆ ਸੀ। ਅਸੀਂ ਕਈ ਵਾਰ ਖਾਣਾ ਹੁੰਦਾ ਹੈ, ਤੁਸੀਂ ਜਾਣਦੇ ਹੋ। ਅਸੀਂ ਬਹੁਤ, ਬਹੁਤ ਖੁਸ਼ ਹਾਂ ਕਿ ਸਾਨੂੰ ਇਹ ਮਹਾਨ ਆਤਮਿਕ ਅਤੇ ਭੋਜਨ ਸੰਬੰਧੀ ਜਸ਼ਨ ਮਿਲਿਆ ਹੈ, ਜਿਵੇਂ ਕਿ ਮੈਂ ਇਸਨੂੰ ਕਹਾਂਗਾ। ਅੱਜ ਸਵੇਰੇ ਇੱਥੇ ਆਦਮੀਆਂ ਦੇ ਇਸ ਵਧੀਆ ਝੁੰਡ ਨਾਲ।

43 ਮੈਂ ਇਹ—ਇਹ ਜ਼ਿਕਰ ਕਰਨਾ ਪਸੰਦ ਕਰਦਾ ਹਾਂ ਕਿ ਅਸੀਂ ਹਾਂ... ਸਭਾਵਾਂ ਦੁਬਾਰਾ, ਕੱਲ੍ਹ ਦੁਪਹਿਰ, ਦੂਤਾਵਾਸ ਵਿਖੇ ਹੋਣਗੀਆਂ। ਹੁਣ, ਅਸੀਂ ਉੱਥੇ ਬਿਮਾਰਾਂ ਲਈ ਪ੍ਰਾਰਥਨਾ ਕਰਾਂਗੇ, ਅਤੇ ਪਰਮੇਸ਼ੁਰ ਤੋਂ ਉਮੀਦ ਕਰਦੇ ਹਾਂ ਕਿ ਉਹ ਸਾਡੇ ਨਾਲ ਮੁਲਾਕਾਤ ਕਰੇਗਾ। ਅਤੇ ਮੈਂ ਇਸ ਮੀਟਿੰਗ ਨੂੰ ਸਫਲ ਬਣਾਉਣ ਲਈ (ਸਭ ਕੁਝ ਜੋ ਅਸੀਂ ਕਰ ਸਕਦੇ ਹਾਂ) ਬਣਾਉਣ ਵਿੱਚ ਆਪਣਾ ਹਿੱਸਾ, ਮੇਰੀ ਸੇਵਕਾਈ ਵਿੱਚ ਪਾਉਣ ਆਇਆ ਹਾਂ। ਸਫਲ ਇਸ ਲਈ ਨਹੀਂ ਕਿਉਂਕਿ ਇਹ ਸਾਡੀਆਂ ਸਭਾਵਾਂ ਹਨ, ਪਰ ਯਿਸੂ ਮਸੀਹ ਨੂੰ ਲੱਭਣ ਵਾਲੇ ਲੋਕਾਂ ਦੀ ਸਫਲਤਾ। ਇਹੀ ਸਫਲਤਾ ਹੈ। ਕੋਈ ਵੀ ਸਭਾਵਾਂ, ਭਾਵੇਂ ਅਸੀਂ ਪ੍ਰਮੇਸ਼ਵਰ ਦੀ ਕਿੰਨੀ ਵੀ ਪ੍ਰਸ਼ੰਸਾ ਕਰਦੇ ਹਾਂ, ਕਿੰਨੀਆਂ ਮਹਾਨ ਚੀਜ਼ਾਂ ਅਸੀਂ ਉਸਨੂੰ ਕਰਦੇ ਦੇਖਦੇ ਹਾਂ, ਕਿੰਨੀ ਵਾਰ ਉਹ ਸਾਡੇ ਨਾਲ ਆਤਮਾ ਵਿੱਚ ਗੱਲ ਕਰਦਾ ਹੈ, ਅਤੇ ਵਗੈਰਾ ਵਗੈਰਾ; ਜਦੋਂ ਤੱਕ ਕੁਝ ਪੂਰਾ ਨਹੀਂ ਹੋ ਜਾਂਦਾ, ਕੁਝ ਰੂਹਾਂ ਨੂੰ ਰਾਜ ਵਿੱਚ ਲਿਆਂਦਾ ਨਹੀਂ ਜਾਂਦਾ!

44 ਅਤੇ ਭਾਈ ਸ਼ਕੇਰੀਅਨ ਨੇ ਹੁਣੇ ਹੀ ਇੱਕ—ਇੱਕ ਅਸਲੀ ਬਿਆਨ ਦਿੱਤਾ ਸੀ ਕਿ ਉਹ ਇਨ੍ਹਾਂ ਦਿਨਾਂ ਬਾਰੇ ਕੀ ਸੋਚਦਾ ਹੈ ਜਿਨ੍ਹਾਂ ਵਿੱਚ ਅਸੀਂ—ਅਸੀਂ ਰਹਿ ਰਹੇ ਹਾਂ। ਮੈਂ ਸੱਚਮੁੱਚ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰਦਾ ਹਾਂ, ਕਿ ਅਸੀਂ ਸਮਾਪਤੀ ਦੇ ਸਮੇਂ ਵਿੱਚ ਜੀ ਰਹੇ ਹਾਂ, ਬਸ—ਬਸ ਸ਼ਾਮ ਦੇ

ਪਰਛਾਵਿਆਂ ਵਿੱਚ। ਸੂਰਜ ਬਹੁਤ ਅੱਗੇ ਚਲਾ ਗਿਆ ਹੈ। ਅਤੇ ਜਦੋਂ ਅਸੀਂ ਦੇਖਦੇ ਹਾਂ ਕਿ ਚੀਜ਼ਾਂ ਹੋ ਰਹੀਆਂ ਹਨ ਜਿਸ ਤਰ੍ਹਾਂ ਉਹ ਅੱਜ ਹਨ, ਕਿਉਂ, ਇਹ ਦੱਸਣਾ ਔਖਾ ਹੈ ਕਿ ਦੂਜੀ ਪੀੜ੍ਹੀ ਕੀ ਲਿਆਵੇਗੀ। ਕੁਝ ਦਿਨ ਪਹਿਲਾਂ...

45 ਬੱਸ ਮੈਨੂੰ ਤੁਹਾਨੂੰ ਕਿਸੇ ਚੀਜ ਦੀ ਅੰਦਰੂਨੀ ਗੱਲ ਦੱਸਣ ਦਿਓ। ਉਨ੍ਹਾਂ ਨੇ ਪੂਰੇ ਅਰੀਜ਼ੋਨਾ ਵਿੱਚ ਦੇ ਸਾਰੇ ਸਕੂਲਾਂ ਦਾ, ਵਿਸ਼ਲੇਸ਼ਣ ਕੀਤਾ ਸੀ, ਜਿੱਥੇ ਮੈਂ ਰਹਿੰਦਾ ਹਾਂ। ਉਨ੍ਹਾਂ ਨੇ ਬੱਚਿਆਂ ਨੂੰ, ਅਣਜਾਣੇ ਵਿੱਚ, ਇੱਕ ਮਾਨਸਿਕ ਪ੍ਰੀਖਿਆ ਦਿੱਤੀ। ਅਤੇ ਅੰਦਾਜ਼ਾ ਲਗਾਓ ਕੀ? ਹਾਈ ਸਕੂਲ ਅਤੇ—ਅਤੇ ਵਿਆਕਰਣ ਸਕੂਲ ਸਮੇਤ, ਉੱਥੇ ਅੱਸੀ ਫੀਸਦੀ ਬੱਚੇ ਮਾਨਸਿਕ ਕਮਜ਼ੋਰੀ ਨਾਲ ਪੀੜਤ ਸਨ। ਉਨ੍ਹਾਂ ਵਿੱਚੋਂ ਸੱਤਰ ਪ੍ਰਤੀਸ਼ਤ ਟੈਲੀਵਿਜ਼ਨ ਦੇਖਣ ਵਾਲੇ ਸਨ। ਦੇਖੋ, ਬੁਰਾਈਆਂ, ਉਹ ਨਿਕਲ ਕੇ ਸਾਡੇ ਤੇ ਆ ਗਈਆਂ ਹਨ ਅਤੇ ਅਸੀਂ ਨਹੀਂ...ਤੁਸੀਂ ਹੈਰਾਨ ਹੋ ਕਿ ਇਹ ਕਿਉਂ ਆਉਂਦਾ ਹੈ। ਤੁਸੀਂ ਪਰਮੇਸ਼ੁਰ ਦੀ ਆਵਾਜ਼ ਨੂੰ ਇਸਦੇ ਵਿਰੁੱਧ ਪੁਕਾਰਦੇ ਹੋਏ ਸੁਣ ਸਕਦੇ ਹੋ, ਅਤੇ ਫਿਰ ਵੀ ਅਸੀਂ—ਅਸੀਂ ਇੱਥੇ ਆਪਣੇ ਆਪ ਨੂੰ ਇਸ ਵਿੱਚ ਉਲਝਿਆ ਹੋਇਆ ਪਾਉਂਦੇ ਹਾਂ।

46 ਮੈਂ ਤੁਹਾਨੂੰ ਇੱਕ ਹੈਰਾਨ ਕਰਨ ਵਾਲੀ ਚੀਜ਼ ਦੱਸਦਾ ਹਾਂ। ਦੇਖੋ, "ਉਹ ਸਭ ਨਹੀਂ ਜੋ ਮੈਨੂੰ ਆਖਦੇ ਹਨ, 'ਪ੍ਰਭੂ, ਪ੍ਰਭੂ,' ਪ੍ਰਵੇਸ਼ ਕਰਣਗੇ; ਪਰ ਜਿਹੜਾ ਮੇਰੇ ਪਿਤਾ ਦੀ ਮਰਜ਼ੀ ਨੂੰ ਪੂਰਾ ਕਰਦਾ ਹੈ।" ਉਸਦੀ ਇੱਛਾ ਉਸਦਾ ਬਚਨ ਹੈ। ਅਸੀਂ ਕਦੇ ਇੰਨੇ ਧਾਰਮਿਕ ਹੋ ਸਕਦੇ ਹਾਂ, ਇਹਨਾਂ ਮੀਟਿੰਗਾਂ ਵਿੱਚ ਬਹੁਤ ਵਧੀਆ ਸਮਾਂ ਬਿਤਾ ਸਕਦੇ ਹਾਂ, ਰੌਲਾ ਪਾ ਸਕਦੇ ਹਾਂ, ਕੁੱਦ ਸਕਦੇ ਹਾਂ, ਜੋ ਅਸੀਂ...ਮੈਂ—ਮੈਂ ਆਲੋਚਨਾਤਮਕ ਨਹੀਂ ਬਣਨਾ ਚਾਹੁੰਦਾ। ਪਰ ਮੇਰੇ ਕੋਲ ਇੱਕ—ਇੱਕ ਪਰਮੇਸ਼ਵਰ ਲਈ ਇੱਕ ਫਰਜ਼ ਹੈ, ਅਤੇ ਇਹ ਫਰਜ਼ ਇਮਾਨਦਾਰ ਹੋਣਾ ਅਤੇ ਉਹ ਕਹਿਣਾ ਹੈ ਜੋ ਉਹ ਉਹ ਚਾਹੁੰਦਾ ਹੈ ਕਿ ਮੈਂ ਕਹਾਂ। ਅਤੇ ਮੈਂ—ਮੈਂ ਕੈਲੀਫੋਰਨੀਆ ਅਧਿਆਏ ਲਈ ਯਕੀਨਨ ਧੰਨਵਾਦੀ ਹਾਂ ਜਿਸਨੇ ਮੇਰੀਆਂ ਧਾਰਮਿਕ ਮਾਨਤਾਵਾਂ ਵਿੱਚ—ਵਿੱਚ ਮੈਨੂੰ ਸਹਿ ਲਿਆ। ਜੇ ਮੈਂ ਆਪਣੀਆਂ ਧਾਰਮਿਕ ਮਾਨਤਾਵਾਂ ਬਿਆਨ ਨਹੀਂ ਕਰਦਾ, ਤਾਂ ਮੈਂ ਇੱਕ ਪਖੰਡੀ ਹੋਵਾਂਗਾ, ਅਤੇ ਤਾਂ ਮੈਂ ਤੁਹਾਡੇ ਨਾਲ ਇਮਾਨਦਾਰ ਵੀ ਨਹੀਂ ਹਾਂ। ਅਤੇ ਜੇ ਮੈਂ ਤੁਹਾਡੇ ਨਾਲ ਈਮਾਨਦਾਰ ਨਹੀਂ ਰਹਿ ਸਕਦਾ, ਤਾਂ ਮੈਂ ਪਰਮੇਸ਼ੁਰ ਨਾਲ ਈਮਾਨਦਾਰ ਕਿਵੇਂ ਹੋਵਾਂਗਾ? ਕਿਉਂਕਿ ਮੈਂ ਤੁਹਾਨੂੰ ਦੇਖਦਾ ਹਾਂ ਅਤੇ ਤੁਹਾਡੇ ਨਾਲ ਗੱਲ ਕਰਦਾ ਹਾਂ। ਜ਼ਰੂਰ, ਅਸੀਂ ਪ੍ਰਭੂ ਦੇ ਲਈ, ਵੀ, ਕਰਦੇ ਹਾਂ, ਪਰ ਸਾਨੂੰ ਇੱਕ-ਦੂਜੇ ਨਾਲ ਸੱਚਾ ਅਤੇ ਇਮਾਨਦਾਰ ਹੋਣਾ ਚਾਹੀਦਾ ਹੈ। ਅਸੀਂ ਯਕੀਨਨ ਇੱਕ—ਇੱਕ ਭਿਆਨਕ, ਭਿਆਨਕ ਯੁੱਗ ਵਿੱਚ ਹਾਂ। ਅਤੇ ਕੀ ਤੁਸੀਂ ਕਦੇ ਰੁਕੇ ਹੋ...

47 ਬੱਸ ਮੈਨੂੰ ਤੁਹਾਨੂੰ ਇੱਕ ਛੋਟਾ ਜਿਹਾ ਵਿਸ਼ਲੇਸ਼ਣ ਦੇਣ ਦਿਓ। "ਉਹ ਸਾਰੇ ਨਹੀਂ ਜੋ ਮੈਨੂੰ ਕਹਿੰਦੇ ਹਨ, 'ਪ੍ਰਭੂ, ਪ੍ਰਭੂ,' ਉਸ ਵਿੱਚ ਦਾਖਲ ਹੋਣਗੇ; ਪਰ ਜੋ ਮੇਰੇ ਪਿਤਾ ਦੀ ਮਰਜ਼ੀ ਪੂਰੀ ਕਰਦਾ ਹੈ।" ਯਿਸੂ ਨੇ ਕਿਹਾ, ਧਰਤੀ ਉੱਤੇ, "ਮਨੁੱਖ ਇਕੱਲੀ ਰੋਟੀ ਨਾਲ ਨਹੀਂ ਜਿਉਂਦਾ ਨਹੀਂ ਰਹੇਗਾ, ਪਰ ਹਰੇਕ ਵਚਨ ਨਾਲ।" ਹਰੇਕ ਵਚਨ! ਬਸ ਕਦੇ ਕਦਾਈਂ, ਇੱਕ ਵਚਨ ਨਾਲ ਨਹੀਂ, ਪਰ ਹਰੇਕ ਵਚਨ ਨਾਲ।

48 ਪਰਮੇਸ਼ੁਰ ਦੇ...ਪਰਮੇਸ਼ੁਰ ਦੇ ਹੁਕਮਾਂ ਵਿੱਚੋਂ, ਇਹ ਇੱਕ ਹੀ ਵਚਨ ਸੀ ਜਿਸ ਤੇ ਗਲਤ ਵਿਸ਼ਵਾਸ ਕੀਤਾ ਗਿਆ ਸੀ, ਇਸ ਨੇ ਮੌਤ, ਦੁੱਖ, ਹਰ ਬਿਮਾਰੀ ਅਤੇ ਦਿਲ ਦੇ ਦਰਦ ਨੂੰ ਪੈਦਾ ਕੀਤਾ, ਪਰਮੇਸ਼ੁਰ ਦੇ ਇੱਕ ਵਚਨ ਨੂੰ ਗੁਆਉਣ ਨਾਲ, ਸਿਰਫ਼ ਇੱਕ ਵਚਨ ਨੂੰ! ਜੇ ਉਹ ਮਨੁੱਖ ਜਾਤੀ ਨੂੰ ਮੌਤ ਵਿੱਚ ਲੈ ਗਿਆ, ਖੁੰਝ ਜਾਣ ਨਾਲ, ਇਕ ਵਚਨ ਤੇ ਗਲਤ ਵਿਸ਼ਵਾਸ ਕਰਨ ਨਾਲ, "ਜ਼ਰੂਰ," ਜ਼ਰੂਰ। ਪਰ ਉਸਨੇ ਕਿਹਾ ਸੀ ਕਿ ਇਹ ਹੋਵੇਗਾ। ਸ਼ੈਤਾਨ ਨੇ ਕਿਹਾ, "ਯਕੀਨਨ ਇਹ ਨਹੀਂ ਹੋਵੇਗਾ।" ਪਰ ਇਹ ਹੋ ਗਿਆ।

49 ਇਸ ਲਈ, ਸਾਨੂੰ ਪਰਮੇਸ਼ੁਰ ਦੇ ਹਰੇਕ ਬਚਨ ਨੂੰ ਪੂਰਾ ਕਰਨਾ ਚਾਹੀਦਾ ਹੈ। ਅਤੇ ਜੇ ਮਨੁੱਖ ਜਾਤਿ ਉੱਤੇ ਇਹ ਸਭ ਦੁੱਖ ਅਤੇ ਚੀਜ਼ਾਂ ਆਈਆਂ ਗਲਤ ਅਨੁਵਾਦ ਦੁਆਰਾ, ਜਾਂ—ਜਾਂ ਇੱਕ ਵਚਨ ਨੂੰ ਗਲਤ ਤਰੀਕੇ ਨਾਲ ਵਿਸ਼ਵਾਸ ਕਰਨ ਦੁਆਰਾ, ਤਾਂ ਅਸੀਂ ਇੱਕ ਨੂੰ ਗੁਆ ਕੇ ਕਿਵੇਂ ਵਾਪਸ ਜਾ ਰਹੇ ਹਾਂ, ਜੇ ਇਹ ਸਭ ਕੀਮਤ ਚੁਕਾਉਣੀ ਪਈ, ਇੱਥੋਂ ਤੱਕ ਕਿ ਉਸਦੇ ਪੁੱਤਰ ਦੀ ਜਾਨ ਵੀ?

*...ਸੱਦੇ ਹੋਏ ਤਾਂ ਬਥੇਰੇ ਹਨ,...ਪਰ ਚੁਣੇ ਹੋਏ ਘੱਟ ਹਨ।*

*...ਸੱਦੇ ਹੋਏ ਤਾਂ ਬਥੇਰੇ ਹਨ,...ਪਰ ਚੁਣੇ ਹੋਏ ਘੱਟ ਹਨ।*

50 ਮੈਂ ਇਸ ਤੋਂ ਵਿਸ਼ਾ ਨਹੀਂ ਲੈ ਸਕਦਾ, ਪਰ, ਕਿਉਂਕਿ ਸਾਡੇ ਕੋਲ ਸਮਾਂ ਨਹੀਂ ਹੈ, ਪਰ ਤੁਹਾਡੇ ਨਾਲ ਕੁਝ ਛੱਡਣਾ ਹੈ।

51 ਆਓ ਅਸੀਂ ਸੋਚੀਏ...ਮੈਂ ਇੱਕ ਦਿਨ ਭਾਈ ਸ਼ਕੇਰੀਅਨ ਨਾਲ ਗਿਆ, ਜਿੱਥੇ ਉਹ ਪਸ਼ੂਆਂ ਦਾ ਦੋਗਲਾ ਪ੍ਰਜਨਨ ਕਰ ਰਹੇ ਸਨ। ਅਤੇ ਮੈਂ ਦੇਖਿਆ... ਪ੍ਰਯੋਗਸ਼ਾਲਾ ਵਿੱਚ ਜਿੱਥੇ ਭਾਈ ਸ਼ਕੇਰੀਅਨ ਮੈਨੂੰ ਲੈ ਗਏ। ਅਤੇ ਉਹਨਾਂ ਨੇ ਨਰ ਗਾਂ ਦੇ ਸ਼ੁਕਰਾਣੂ ਵਿੱਚ ਡੁਬੋਇਆ, ਥੋੜਾ ਜਿਹਾ...ਇੱਕ ਛੋਟੇ ਯੰਤਰ ਵਾਂਗ, ਇੱਕ ਛੋਟੀ ਜਿਹੀ ਡੰਡੀ, ਅਤੇ ਉਸ ਸ਼ੁਕ੍ਰਾਣੂ ਦਾ ਇੱਕ ਝੁੰਡ ਲਿਆ, ਅਤੇ ਇਸਨੂੰ ਇਸ ਸ਼ੀਸ਼ੇ ਦੇ ਹੇਠਾਂ ਰੱਖ ਦਿੱਤਾ ਜਿਸਨੇ ਇਸਨੂੰ ਸੈਂਕੜੇ ਗੁਣਾ ਵੱਡਾ ਕਰ ਦਿੱਤਾ। ਅਤੇ ਉਸ ਵਿਚ, ਉਸ ਸ਼ੁਕ੍ਰਾਣੂ ਵਿਚ ਛੋਟੇ-ਛੋਟੇ ਜੀਵਾਣੂ ਉੱਛਲ ਰਹੇ ਰਹੇ ਸਨ। ਜੋ, ਅਸੀਂ ਜਾਣਦੇ ਹਾਂ ਕਿ ਜੀਵਾਣੂ ਨਰ ਤੋਂ ਆਉਂਦਾ ਹੈ, ਅਤੇ

ਅੰਡਾ ਮਾਦਾ ਤੋਂ। ਅਤੇ ਮੈਂ ਉਥੇ ਰਸਾਇਣ ਵਿਗਿਆਨੀ ਨੂੰ ਪੁੱਛਿਆ, ਮੈਂ ਕਿਹਾ, "ਉਸ ਛੋਟੇ ਜਿਹੇ ਨੂੰ ਕਿਹੜੀ ਚੀਜ ਇਸ ਤਰ੍ਹਾਂ ਉਛਾਲ ਰਹੀ ਹੈ?"

ਉਸ ਨੇ ਕਿਹਾ, "ਉਹ—ਇਹ ਛੋਟੇ ਬਲਦ ਅਤੇ ਵੱਛੇ ਹਨ।" ਵੇਖਿਆ?

ਅਤੇ ਮੈਂ ਕਿਹਾ, "ਉਸ ਛੋਟੀ ਜਿਹੀ ਬੂੰਦ ਵਿੱਚ?"

ਉਸ ਨੇ ਕਿਹਾ, "ਹਾਂ।"

52 ਮੈਂ ਕਿਹਾ, "ਤਾਂ ਹੋ ਸਕਦਾ ਹੈ ਕਿ ਫਿਰ ਪੂਰੇ ਸ਼ੁਕ੍ਰਾਣੂ ਵਿੱਚ ਉਨ੍ਹਾਂ ਵਰਗੇ ਦੱਸ ਲੱਖ ਹੋਣ?"

ਉਸ ਨੇ ਕਿਹਾ, "ਔਹ, ਹਾਂ।" ਸਮਝੇ? ਹੁਣ, ਧਿਆਨ ਨਾਲ ਦੇਖੋ।

53 ਹੁਣ, ਜਦੋਂ ਇਹ ਮਹਾਨ ਚੀਜ਼ ਵਾਪਰਦੀ ਹੈ, ਤਾਂ ਇੱਕ ਆਂਡਾ ਉਨ੍ਹਾਂ ਦੱਸ ਲੱਖ ਵਿੱਚੋਂ ਇੱਕ ਜੀਵਾਣੂ ਲਈ ਉਡੀਕ ਰਿਹਾ ਹੁੰਦਾ ਹੈ। ਅਤੇ ਕੋਈ ਨਹੀਂ ਦੱਸ ਸਕਦਾ ਕਿ ਇਹ ਕਿਹੜਾ ਜੀਵਾਣੂ ਹੈ, ਜਾਂ ਕਿਹੜਾ ਅੰਡਾ ਹੈ। ਜੇ ਤੁਸੀਂ ਕੁਦਰਤੀ ਜਨਮ ਨੂੰ ਦੇਖਦੇ ਹੋ, ਤਾਂ ਇਹ ਇੱਕ—ਇੱਕ ਕੁਆਰੀ ਤੋਂ ਜਨਮ ਨਾਲੋਂ ਵੱਧ ਰਹੱਸਮਈ ਹੈ। ਕਿਉਂਕਿ, ਇਸ ਸ਼ੁਕ੍ਰਾਣੂ ਵਿੱਚ, ਉੱਥੇ ਇੱਕ ਅਜਿਹਾ ਹੈ ਜਿਹੜਾ ਜੀਉਣ ਲਈ ਪਹਿਲਾਂ ਤੋਂ ਠਹਿਰਾਇਆ ਗਿਆ ਹੈ, ਅਤੇ ਉਨ੍ਹਾਂ ਵਿੱਚੋਂ ਬਾਕੀ ਮਰ ਜਾਣਗੇ। ਅਤੇ ਇਹ ਉਹ ਨਹੀਂ ਹੈ ਜਿਹੜਾ ਪਹਿਲਾਂ ਮਿਲਦਾ ਹੈ; ਇਹ ਉਹ ਪਹਿਲਾ ਹੈ ਜੋ ਅੰਡੇ ਦੇ ਨਾਲ ਹੋ ਜਾਂਦਾ ਹੈ। ਹੋ ਸਕਦਾ ਹੈ ਕਿ ਅੰਡਾ ਸ਼ੁਕ੍ਰਾਣੂ ਦੇ ਪਿਛਲੇ ਪਾਸਿਓਂ, ਜਾਂ ਸ਼ੁਕ੍ਰਾਣੂ ਦੇ ਮੱਧ ਤੋਂ ਉੱਪਰ ਉੱਠ ਸਕਦਾ ਹੈ; ਜੀਵਾਣੂ ਵੀ ਅਜਿਹਾ ਹੀ ਕਰ ਸਕਦਾ ਹੈ, ਅੰਡਾ। ਜੀਵਾਣੂ ਅੰਡੇ ਵਿੱਚ ਪ੍ਰਵੇਸ਼ ਕਰਦਾ ਹੈ, ਅਤੇ ਇਸ ਦੀ ਛੋਟੀ ਜਿਹੀ ਪੂਛ ਇਸ ਤੋਂ ਅਲੱਗ ਹੋ ਜਾਂਦੀ ਹੈ, ਅਤੇ ਉੱਥੇ ਰੀੜ੍ਹ ਦੀ ਹੱਡੀ ਸ਼ੁਰੂ ਹੋ ਜਾਂਦੀ ਹੈ। ਉਸ ਪੂਰੇ ਬੀਜ ਵਿੱਚ ਸਿਰਫ਼ ਇੱਕ ਹੀ ਹੈ, ਦੱਸ ਲੱਖ ਵਿੱਚੋਂ, ਜੋ ਇਸ ਵਿੱਚ ਸਫਲ ਹੋਣ ਵਾਲਾ ਹੈ, ਕੇਵਲ ਇੱਕ; ਅਤੇ ਕਿਸੇ ਅਜਿਹੀ ਸ਼ਕਤੀ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਜਿਸ ਤੋਂ ਮਨੁੱਖ ਅਣਜਾਣ ਹੈ। ਫਿਰ ਵੀ ਤੁਸੀਂ, ਹਰ ਇੱਕ, ਇੱਕੋ ਜਿਹੇ ਹੋ, ਉਹਨਾਂ ਜੀਵਾਣੂਆਂ ਵਿੱਚੋਂ ਹਰ ਇੱਕ ਇੱਕੋ ਜਿਹਾ ਹੈ। ਜਾਨਵਰਾਂ ਵਿੱਚ ਵੀ ਇਹੀ ਗੱਲ ਹੈ। ਉਹੀ ਚੀਜ਼ ਮਨੁੱਖ ਵਿੱਚ। ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਕੀ ਇਹ ਲੜਕਾ, ਲੜਕੀ, ਲਾਲ-ਸਿਰ ਵਾਲਾ, ਕਾਲੇ-ਸਿਰ ਵਾਲਾ, ਜਾਂ ਕੀ ਹੋਵੇਗਾ। ਇਹ ਪਰਮੇਸ਼ੁਰ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਉਹ ਸਾਰੇ ਕੁਦਰਤੀ ਤੌਰ ਤੇ, ਇੱਕੋ ਜਿਹੇ ਦਿਖਾਈ ਦਿੰਦੇ ਹਨ, ਪਰ ਉੱਥੇ ਕੇਵਲ ਇੱਕ ਹੀ ਹੁੰਦਾ ਹੈ ਜੋ ਜੀਵਨ ਲਈ ਠਹਿਰਾਇਆ ਗਿਆ ਹੁੰਦਾ ਹੈ; ਦੱਸ ਲੱਖ ਵਿੱਚੋਂ ਇੱਕ, ਫਿਰ ਵੀ ਉਹ ਸਾਰੇ ਇੱਕੋ ਜਿਹੇ ਹਨ।

54 ਜਦੋਂ ਇਜ਼ਰਾਈਲ ਨੇ ਮਿਸਰ ਛੱਡਿਆ, ਉਸੇ ਸਮੇਂ ਲਗਭਗ ਵੀਹ ਲੱਖ ਲੋਕ ਇੱਕੋ ਸਮੇਂ ਤੇ ਨਿਕਲੇ ਸਨ। ਉਨ੍ਹਾਂ ਵਿੱਚੋਂ ਹਰ ਇੱਕ ਨੇ ਇੱਕ ਨਬੀ ਦਾ ਸੰਦੇਸ਼ ਸੁਣਿਆ। ਉਨ੍ਹਾਂ ਵਿੱਚੋਂ ਹਰ ਇੱਕ ਨੇ ਅੱਗ ਦੇ ਥੰਮ੍ਹ ਨੂੰ ਦੇਖਿਆ। ਉਨ੍ਹਾਂ ਵਿੱਚੋਂ ਹਰ ਇੱਕ ਨੇ ਲਾਲ ਸਾਗਰ ਵਿੱਚ, ਮੂਸਾ ਕੋਲੋਂ ਬਪਤਿਸਮਾ ਲਿਆ ਸੀ। ਉਨ੍ਹਾਂ ਵਿੱਚੋਂ ਹਰ ਇੱਕ ਆਤਮਾ ਵਿੱਚ—ਵਿੱਚ ਚੀਕਿਆ, ਜਦੋਂ ਮੂਸਾ ਨੇ ਆਤਮਾ ਵਿੱਚ ਗਾਇਆ, ਤਾਂ ਮਿਰਿਅਮ ਨਾਲ ਰੱਬਾਬ ਵਜਾ ਕੇ ਨਦੀ ਦੇ ਕੰਢੇ ਤੇ ਏਧਰ-ਓਧਰ ਦੌੜੇ। ਉਹ, ਹਰ ਇੱਕ, ਇੱਕੋ ਆਤਮਿਕ ਚੱਟਾਨ ਤੋਂ ਪੀਂਦਾ ਸੀ। ਉਹ, ਹਰ ਇੱਕ, ਹਰ ਰਾਤ, ਤਾਜ਼ਾ ਮੰਨ ਖਾਂਦੇ ਸਨ। ਉਹਨਾਂ ਵਿੱਚੋਂ ਹਰ ਇੱਕ! ਪਰ ਉੱਥੇ ਦੋ ਉਸ ਧਰਤੀ ਤਕ ਪਹੁੰਚੇ, ਦੱਸ ਲੱਖ ਵਿੱਚੋਂ ਇੱਕ।

55 ਪ੍ਰੀਖਿਆ ਕੀ ਸੀ? ਉਹ ਸਾਰੇ ਇੱਕੋ ਚੱਟਾਨ ਵਿੱਚ ਪੀਂਦੇ ਸਨ, ਉਹ ਸਾਰੇ ਇੱਕੋ ਜਿਹਾ ਆਤਮਿਕ ਮੰਨ ਖਾਂਦੇ ਸਨ ਜਿਵੇਂ ਅਸੀਂ ਅੱਜ ਸਵੇਰੇ ਖਾ ਰਹੇ ਹਾਂ, ਪਰ ਵਚਨ ਦੀ ਜਾਂਚ ਨੇ ਉਨ੍ਹਾਂ ਨੂੰ ਸਾਬਤ ਕੀਤਾ। ਜਦੋਂ ਕਾਦੇਸ਼-ਬਰਨੀਆ ਦਾ ਸਮਾਂ ਆਇਆ, ਜਦੋਂ ਉਹ ਵਾਅਦਾ ਕੀਤੇ ਹੋਏ ਦੇਸ਼ ਵਿੱਚ ਜਾਣ ਲੱਗੇ, ਅਤੇ ਉਹ ਉਦੋਂ ਤੱਕ ਪਾਰ ਨਹੀਂ ਜਾ ਸਕਦੇ ਸਨ ਜਦੋਂ ਤੱਕ ਉਨ੍ਹਾਂ ਨੂੰ ਵਚਨ ਦੁਆਰਾ ਪਰਖਿਆ ਨਾ ਜਾਂਦਾ। ਅਤੇ ਹੋਰ ਦਸ ਵਾਪਸ ਆ ਗਏ, ਅਤੇ ਕਿਹਾ, "ਅਸੀਂ ਇਹ ਨਹੀਂ ਕਰ ਸਕਦੇ! ਲੋਕ ਇਸ ਤਰ੍ਹਾਂ ਹਨ ਜਿਵੇਂ...ਅਸੀਂ ਉਨ੍ਹਾਂ ਲਈ ਟਿੱਡੀਆਂ ਵਰਗੇ ਹਾਂ, ਉਨ੍ਹਾਂ ਦੇ ਵੱਡੀਆਂ ਕੰਧਾਂ ਵਾਲੇ ਸ਼ਹਿਰ ਹਨ। ਵਿਰੋਧੀ ਧਿਰ ਬਹੁਤ ਵੱਡਾ ਹੈ।"

56 ਪਰ ਯਹੋਸ਼ੁਆ ਅਤੇ ਕਾਲੇਬ ਨੇ ਲੋਕਾਂ ਨੂੰ ਚੁੱਪ ਕਰਾਇਆ। ਓਹਨਾਂ ਨੇ ਕਿਹਾ, "ਅਸੀਂ ਇਸਨੂੰ ਕਰਨ ਦੇ ਲਈ ਯੋਗ ਨਾਲੋਂ ਵੀ ਵੱਧ ਹਾਂ!" ਕਿਉਂ? ਪਰਮੇਸ਼ੁਰ ਨੇ ਕਿਹਾ, ਉਨ੍ਹਾਂ ਦੇ ਜਾਣ ਤੋਂ ਪਹਿਲਾਂ, ਵਾਅਦਾ ਕੀਤੀ ਹੋਈ ਧਰਤੀ, "ਮੈਂ ਤੁਹਾਨੂੰ ਧਰਤੀ ਦੇ ਦਿੱਤੀ ਹੈ। ਮੈਂ ਇਹ ਤੁਹਾਨੂੰ ਦੇ ਦਿੱਤਾ ਹੈ। ਇਹ ਤੁਹਾਡਾ ਹੈ।" ਪਰ ਉੱਥੇ ਹਰ ਦੱਸ ਲੱਖ ਵਿੱਚੋਂ ਇੱਕ ਸੀ।

57 ਅੱਜ ਸੰਸਾਰ ਵਿੱਚ ਲਗਭਗ ਪੰਜਾਹ ਕਰੋੜ ਅਖੌਤੀ ਮਸੀਹੀ ਹਨ, ਅਤੇ ਹਰ ਦਿਨ ਇੱਕ ਪੀੜ੍ਹੀ ਦਾ ਅੰਤ ਹੁੰਦਾ ਹੈ। ਅਤੇ ਹੁਣ, ਕੀ ਹੋਵੇਗਾ ਜੇ ਅੱਜ ਉਠਾਏ ਜਾਣਾ ਹੋ ਜਾਵੇ ਅਤੇ ਪੰਜ ਸੌ ਲੋਕ, ਵਿਸ਼ਵਵਿਆਪੀ ਤੌਰ ਤੇ, ਉਠਾਏ ਜਾਣ ਵਿੱਚ ਲਏ ਜਾਣ? ਤੁਹਾਨੂੰ ਕਦੇ ਵੀ ਪਤਾ ਨਹੀਂ ਲੱਗੇਗਾ ਜਾਂ ਅਖ਼ਬਾਰ ਵਿਚ ਵੀ ਨਹੀਂ ਦੇਖ ਸਕੋਗੇ, ਉਨ੍ਹਾਂ ਦੇ ਜਾਣ ਨੂੰ। ਅਤੇ ਪ੍ਰਭੂ ਦੀ ਆਮਦ ਇੱਕ ਗੁਪਤ ਆਮਦ ਹੈ। ਉਹ ਆਵੇਗ ਅਤੇ ਚੁਰਾ ਕੇ ਲੈ ਲਵੇਗਾ। ਇਹ ਅਜਿਹੀ ਘੱਟ ਗਿਣਤੀ ਹੋਵੇਗੀ, ਇੱਥੋਂ ਤੱਕ...

58 ਜਿਵੇਂ ਕਿ ਇਹ ਉਹਨਾਂ ਦਿਨਾਂ ਵਿੱਚ ਸੀ ਜਦੋਂ ਚੇਲਿਆਂ ਨੇ ਯਿਸੂ ਨੂੰ

ਪੁੱਛਿਆ, "ਗ੍ਰੰਥੀ ਅਜਿਹਾ ਕਿਉਂ ਕਹਿੰਦੇ ਹਨ ਕਿ—ਕਿ ਏਲੀਯਾਹ ਦਾ ਪਹਿਲਾਂ ਆਉਣਾ ਜਰੂਰੀ ਹੈ?"

ਉਸ ਨੇ ਕਿਹਾ, "ਉਹ ਪਹਿਲਾਂ ਹੀ ਆ ਚੁੱਕਿਆ ਹੈ, ਅਤੇ ਤੁਹਾਨੂੰ ਇਹ ਕਦੇ ਨਹੀਂ ਪਤਾ ਸੀ।"

59 ਕੀ ਤੁਸੀਂ ਕਦੇ ਸੋਚਿਆ ਹੈ ਕਿ ਲੋਕਾਂ ਨੇ ਕੀ ਕੀਤਾ? ਉਹ ਬਸ ਮੰਨ ਕੇ ਚੱਲਦੇ ਰਹੇ ਕਿ ਮਾਲਾ-...ਕਿ ਮਲ-...ਏਲੀਯਾਹ ਆ ਰਿਹਾ ਸੀ। ਅਤੇ ਬਿਲਕੁਲ ਉਨ੍ਹਾਂ ਦੇ ਵਿੱਚ ਸੀ, ਅਤੇ ਉਹ ਇਸ ਨੂੰ ਨਹੀਂ ਜਾਣਦੇ ਸਨ।

60 ਇਸੇ ਤਰ੍ਹਾਂ ਮਨੁੱਖ ਦੇ ਪੁੱਤਰ ਦੇ ਆਉਣ ਵੇਲੇ ਹੋਵੇਗਾ! ਉਹ ਉਸ ਨਾਲ ਵੀ ਬਸ ਉਹੀ ਕੰਮ ਕਰਨਗੇ। ਪਰਮੇਸ਼ੁਰ ਦੀ ਆਤਮਾ ਇੱਥੇ ਹੈ। ਖੈਰ, ਅਸੀਂ ਇਸ ਨਾਲ ਕੀ ਕਰਨ ਜਾ ਰਹੇ ਹਾਂ? ਕੀ ਅਸੀਂ ਮੰਨਾ ਖਾਣ ਜਾ ਰਹੇ ਹਾਂ, ਅਤੇ ਇਸ ਤਰ੍ਹਾਂ ਹੋਰ, ਅਤੇ ਲਗਾਤਾਰ ਉੱਪਰ ਨਹੀਂ ਉਠਾਂਗੇ ਜਦ ਅਸੀਂ ਵੱਧ ਰਹੇ ਹਾਂ?

61 ਕੀ ਤੁਸੀਂ ਕਦੇ ਇੱਕ ਬੀਜ ਤੇ ਧਿਆਨ ਦਿੱਤਾ ਹੈ, ਜਿਵੇਂ ਕਿ ਕੁਝ ਪਲ ਪਹਿਲਾਂ ਆਦਰਯੋਗ ਪਿਟਸ ਬੋਲ ਰਹੇ ਸਨ, ਅਤੇ ਬੀਜ ਜ਼ਮੀਨ ਵਿੱਚ ਕਿਵੇਂ ਜਾਂਦਾ ਹੈ? ਜ਼ਮੀਨ ਵਿੱਚ ਬਹੁਤ ਸਾਰੇ ਬੀਜ ਹੁੰਦੇ ਹਨ। ਜਦੋਂ ਪ੍ਰਭੂ ਪਾਣੀ ਉੱਤੇ ਮੰਡਰਾਉਂਦਾ ਸੀ, ਪ੍ਰਕਾਸ਼ ਦੇ ਨਾਲ, ਅਤੇ ਪ੍ਰਕਾਸ਼ ਲਿਆਂਦਾ ਗਿਆ, ਪਰਮੇਸ਼ਵਰ ਦੀ ਪਹਿਲੀ ਹਜੂਰੀ, ਬੋਲਿਆ ਹੋਇਆ ਚਾਨਣ ਪਰਮੇਸ਼ਵਰ ਦੇ ਬਚਨ ਦੁਆਰਾ ਆਇਆ। ਅਤੇ ਪਰਮੇਸ਼ੁਰ ਦਾ ਵਚਨ ਇੱਕੋ ਇੱਕ ਚੀਜ਼ ਹੈ ਜੋ ਅਜੇ ਵੀ ਪ੍ਰਕਾਸ਼ ਲਿਆਉਂਦੀ ਹੈ। ਅਤੇ ਜਦੋਂ ਪਾਣੀ ਵਾਪਸ ਚਲਾ ਗਿਆ, ਬੀਜ ਧਰਤੀ ਵਿੱਚ ਪਹਿਲਾਂ ਹੀ ਸੀ, ਅਤੇ ਰੋਸ਼ਨੀ ਨੇ ਸਿਰਫ ਉਹ ਬੀਜ ਪੈਦਾ ਕੀਤੇ ਜਿਨ੍ਹਾਂ ਵਿੱਚ ਜੀਵਾਣੂ ਰਹਿ ਗਏ ਸਨ, ਬਾਹਰ ਆਏ। ਪ੍ਰਮੇਸ਼ਵਰ ਆਪਣੀ ਸ੍ਰਿਸ਼ਟੀ ਕਰ ਰਿਹਾ ਸੀ।

62 ਅਤੇ ਹੁਣ, ਈਸਟਰ ਦੀ ਸਵੇਰ ਨੂੰ ਧਰਤੀ ਉੱਤੇ ਇੱਕ ਹੋਰ ਰੋਸ਼ਨੀ ਆਈ ਸੀ, ਜਦੋਂ ਪਵਿੱਤਰ ਆਤਮਾ ਦਿੱਤਾ ਗਿਆ ਸੀ। ਅਤੇ ਇਹ ਉਹਨਾਂ ਬੀਜਾਂ ਲਈ ਰੋਸ਼ਨੀ ਲਿਆਉਣ ਲਈ ਦਿੱਤਾ ਗਿਆ ਹੈ ਜਿਨ੍ਹਾਂ ਨੂੰ ਪਰਮੇਸ਼ੁਰ, ਆਪਣੀ ਪੂਰਵ-ਗਿਆਨ ਦੁਆਰਾ, ਜਾਣਦਾ ਸੀ ਕਿ ਇਹ ਧਰਤੀ ਉੱਤੇ ਹੋਣਗੇ। ਜਿਵੇਂ ਉਹ ਪਹਿਲੇ ਕੁਦਰਤੀ ਬੀਜ ਨੂੰ ਜਾਣਦਾ ਸੀ, ਉਹ ਜਾਣਦਾ ਹੈ ਕਿ ਆਤਮਿਕ ਬੀਜ ਕਿੱਥੇ ਹੈ। ਤੁਹਾਡੀ ਦੇਹ ਉਸੇ ਵੇਲੇ ਠੀਕ ਇੱਥੇ ਧਰਤੀ ਉੱਤੇ ਪਈ ਸੀ, ਜਦੋਂ ਪਰਮੇਸ਼ਵਰ ਨੇ ਪਹਿਲੀ ਵਾਰ ਧਰਤੀ ਨੂੰ ਹੋਂਦ ਵਿੱਚ ਲਿਆਂਦਾ ਸੀ। ਅਸੀਂ ਧਰਤੀ ਦਾ ਇੱਕ ਹਿੱਸਾ ਹਾਂ। ਅਸੀਂ ਉੱਥੇ ਪਏ ਸਾਂ। ਅਤੇ ਉਸਦੀ ਪੂਰਵ-ਗਿਆਨ ਦੁਆਰਾ ਉਹ ਬਿਲਕੁਲ ਜਾਣਦਾ ਸੀ ਕਿ ਕੌਣ ਉਸਨੂੰ ਪਿਆਰ ਕਰੇਗਾ ਅਤੇ ਕੌਣ ਉਸਦੀ ਸੇਵਾ ਕਰੇਗਾ, ਅਤੇ ਕੌਣ ਨਹੀਂ ਕਰੇਗਾ। ਉਸਦਾ

ਪੂਰਵ ਗਿਆਨ ਇਹ ਦੱਸਦਾ ਹੈ। ਜੇ ਅਜਿਹਾ ਨਹੀਂ ਹੁੰਦਾ, ਤਾਂ ਉਹ ਪਰਮੇਸ਼ੁਰ ਨਹੀਂ ਹੈ। ਉਹ ਅਨੰਤ ਹੋਣ ਤੋਂ ਬਿਨਾਂ ਪਰਮੇਸ਼ੁਰ ਨਹੀਂ ਹੋ ਸਕਦਾ। ਅਤੇ ਜੇਕਰ ਉਹ ਅਨੰਤ ਹੈ, ਤਾਂ ਉਹ ਸਭ ਕੁਝ ਜਾਣਦਾ ਹੈ।

63 ਇਸ ਲਈ, ਤੁਸੀਂ ਦੇਖਦੇ ਹੋ ਕਿ ਲੋਕ ਆਪਣੀਆਂ ਗਲਤੀਆਂ ਕਰਦੇ ਹਨ। ਉਹ ਇਸ ਤੇ ਠੋਕਰ ਖਾਂਦੇ ਹਨ। ਉਹ ਇਸ ਤੇ ਦੌੜਦੇ ਹਨ, ਅਤੇ ਉਹ *ਇਹ* ਅਤੇ *ਉਹ* ਸੋਚਦੇ ਹਨ, ਪਰ ਇਹ ਸਹੀ ਕੰਮ ਨਹੀਂ ਕਰਦਾ, ਅਸੀਂ ਇਸਨੂੰ ਦੇਖਦੇ ਹਾਂ। ਪਰ ਇੱਕ ਸਹੀ ਕੰਮ ਕਰਨ ਦਾ ਤਰੀਕਾ ਹੈ, ਉਹ ਹੈ ਪਰਮੇਸ਼ੁਰ ਦੀ ਸੰਪੂਰਣ ਇੱਛਾ ਨੂੰ ਲੱਭਣਾ ਅਤੇ ਉਸ ਵਿੱਚ ਖੜੇ ਹੋਣਾ, ਜਿਸ ਲਈ ਪਰਮੇਸ਼ੁਰ ਨੇ ਤੁਹਾਨੂੰ ਬੁਲਾਇਆ ਹੈ।

64 ਜਿਵੇਂ ਭਾਈ ਜੈਕ ਨੇ ਕੁਝ ਪਲ ਪਹਿਲਾਂ ਇੱਥੇ ਹੇਠਾਂ ਪਰਸ਼ਿੰਗ ਸਕੇਅਰ ਵਿੱਚ, ਸਾਰੀ ਉਲਝਣ ਬਾਰੇ ਬੋਲਿਆ ਸੀ। ਇੱਕ *ਇਸ* ਰਾਹ, ਅਤੇ ਇੱਕ *ਉਸ* ਰਾਹ; ਅਤੇ ਧਰਮ-ਸ਼ਾਸਤਰੀਆਂ ਬਾਰੇ, ਅਤੇ ਇਸ ਤਰ੍ਹਾਂ ਅੱਗੇ, ਕਿ ਤੁਸੀਂ ਕੁਝ ਧਰਮ ਸ਼ਾਸਤਰ ਜਾਣਨਾ ਚਾਹੁੰਦੇ ਹੋ, ਤਾਂ ਉੱਥੇ ਹੇਠਾਂ ਜਾਓ।

65 ਮੇਰਾ ਅੰਦਾਜ਼ਾ ਹੈ ਕਿ ਇਹ ਲੰਡਨ ਦੇ ਹਾਈਡ ਪਾਰਕ ਵਾਂਗ ਹੀ ਹੈ। ਮੈਂ ਉੱਥੇ ਸੀ, ਹਰ ਕਿਸੇ ਦਾ ਆਪਣਾ ਵਿਚਾਰ ਹੈ। ਇਹ ਇੱਕ—ਇਹ ਬਾਬਲ ਵਿੱਚ ਆਧੁਨਿਕ-ਦਿਨ ਦੇ ਸੰਸਾਰ ਦਾ ਇੱਕ ਸਮੂਹ ਹੈ।

66 ਪਰ ਕੀ ਤੁਸੀਂ ਧਿਆਨ ਦਿੱਤਾ ਜਿਵੇਂ—ਜਿਵੇਂ ਕਿ ਭਾਈ ਪਿਟਸ ਅੱਜ ਸਵੇਰੇ ਸਾਡੇ ਲਈ ਆਪਣਾ ਪਿਆਰਾ ਸੰਦੇਸ਼ ਲੈ ਕੇ ਗਏ ਸਨ? ਜਿਵੇਂ ਹੀ ਉਹ ਪਾਰਕ ਤੋਂ ਬਾਹਰ ਨਿਕਲਣਾ ਸ਼ੁਰੂ ਕਰਦਾ ਹੈ, ਉੱਥੇ ਉਸਨੂੰ ਇੱਕ ਛੋਟਾ ਈਸਟਰ ਸੋਸਨ ਦਾ ਫੁੱਲ ਮਿਲਿਆ। "ਸਾਰੀਆਂ ਉਲਝਣਾਂ ਦੇ ਵਿਚਕਾਰ," ਜਿਵੇਂ ਉਹ ਇਸ ਨੂੰ ਸਾਡੇ ਕੋਲ ਲਿਆਇਆ, "ਇਸ ਕੋਲ 'ਹਾਂ' ਜਾਂ 'ਨਹੀਂ' ਕਹਿਣ ਦਾ ਕੋਈ ਤਰੀਕਾ ਨਹੀਂ ਸੀ। ਇਹ ਇੱਕ ਪਰਮੇਸ਼ੁਰ ਦਾ ਜੀਵਨ ਸੀ ਜੋ ਇਸ ਤੇ ਚਮਕ ਰਿਹਾ ਸੀ, ਸਾਰੀਆਂ ਉਲਝਣਾਂ ਦੇ ਵਿਚਕਾਰ।" ਇਹ ਉੱਥੇ ਆਪਣੇ ਨੂਰ ਵਿੱਚ ਸੀ, ਕਿਉਂਕਿ ਪ੍ਰਮੇਸ਼ਵਰ ਨੇ ਇਸਨੂੰ ਉੱਥੇ ਹੋਣ ਲਈ ਠਹਿਰਾਇਆ ਸੀ। ਸਾਰੇ ਸੰਘਰਸ਼ ਦੇ ਵਿਚਕਾਰ, ਕਿਸੇ ਦਾ ਇਸ ਵੱਲ ਧਿਆਨ ਨਹੀਂ ਸੀ। ਉਨ੍ਹਾਂ ਨੇ ਇਸ ਦਾ ਆਤਮਿਕ ਉਪਯੋਗ ਨਹੀਂ ਦੇਖਿਆ।

67 ਅਤੇ ਸਾਡੇ ਵੱਡੇ ਇਕੱਠਾਂ ਅਤੇ ਝੁੰਡਾਂ, ਅਤੇ ਕਲੀਸਿਯਾਵਾਂ ਅਤੇ ਜਥੇਬੰਦੀਆਂ ਵਿੱਚ ਅੱਜ ਵੀ ਸੀ ਤਰ੍ਹਾਂ ਹੀ ਹੈ। ਕੋਈ *ਇਸ* ਪਾਸੇ ਖਿੱਚ ਰਿਹਾ ਹੈ, "ਸਾਨੂੰ ਬੈਪਟਿਸਟ ਹੋਣਾ ਚਾਹੀਦਾ ਹੈ, ਜਾਂ ਪ੍ਰੈਸਬੀਟੇਰੀਅਨ ਹੋਣਾ ਚਾਹੀਦਾ ਹੈ, *ਇਹ*, *ਉਹ*, ਜਾਂ ਹੋਰ ਹੋਣਾ ਚਾਹੀਦਾ ਹੈ।" ਇਸ ਸਭ ਦੇ ਵਿਚਕਾਰ, ਇੱਕ ਫੁੱਲ ਉੱਗ ਰਿਹਾ ਹੈ। ਸਾਡੇ ਵਿਚਕਾਰ ਪਰਮੇਸ਼ੁਰ ਦੀ ਇੱਕ ਸ਼ਕਤੀ ਹੈ, ਜੋ

ਸਾਡੇ ਸਾਰਿਆਂ ਦੇ ਵਿਚਕਾਰ ਉਠਾਈ ਜਾ ਰਹੀ ਹੈ। ਚਲੋ ਰੁੱਕਦੇ ਹਾਂ ਅਤੇ ਇਸਨੂੰ ਵੇਖੀਏ, ਕੁਝ ਮਿੰਟ, ਅਤੇ ਇਸਨੂੰ ਇਸ ਹਫ਼ਤੇ ਵੇਖੀਏ, ਅਤੇ ਇਸਨੂੰ ਸਾਡੇ ਸਾਹਮਣੇ ਪ੍ਰਗਟ ਹੁੰਦਾ ਵੇਖੀਏ। ਸਾਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਇਹ ਕਰੇਗਾ। ਕੀ ਤੁਸੀਂ ਨਹੀਂ ਕਰਦੇ? [ਕਲੀਸਿਯਾ ਕਹਿੰਦੀ ਹੈ, “ਆਮੀਨ।”—ਸੰਪਾ.]

68 ਮੈਂ ਦੇਖਦਾ ਹਾਂ ਕਿ ਸਾਨੂੰ ਹੁਣ ਤੱਕ ਹੇਠਾਂ ਹੋਣਾ ਚਾਹੀਦਾ ਸੀ। ਇਸ ਲਈ ਆਓ ਪ੍ਰਾਰਥਨਾ ਕਰੀਏ, ਸਾਡੇ ਵਿੱਚੋਂ ਹਰ ਇੱਕ।

69 ਪਿਆਰੇ ਪਰਮੇਸ਼ਵਰ, ਜਦੋਂ ਅਸੀਂ ਤੇਰੀ ਹਜ਼ੂਰੀ ਵਿੱਚ ਆਪਣਾ ਸਿਰ ਝੁਕਾਉਂਦੇ ਹਾਂ, ਤਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਮੰਗਣ ਲਈ ਬਹੁਤ ਨਾਕਾਫੀ ਹਾਂ। ਪਰ ਤੁਸੀਂ ਸਾਡੇ ਨਾਲ ਵਾਅਦਾ ਕੀਤਾ ਸੀ ਕਿ, ਜੇ ਅਸੀਂ ਆਵਾਂਗੇ, ਤਾਂ ਤੁਸੀਂ ਸਾਨੂੰ ਠੁਕਰਾ ਨਹੀਂ ਦੇਵੋਗੇ। ਅਤੇ ਇਹ ਕਠੋਰ ਬਿਆਨ ਜੋ ਹੁਣੇ ਹੀ ਦਿੱਤੇ ਗਏ ਹਨ, ਕਿਸੇ ਵੀ ਤਰੀਕੇ ਨਾਲ ਇੱਕ ਸਿਧਾਂਤ ਨਹੀਂ ਹੈ, “ਦੱਸ ਲੱਖ ਵਿੱਚੋਂ ਇੱਕ,” ਪਰ ਸਿਰਫ਼ ਯਾਦ ਰੱਖਣ ਲਈ। ਕਿਉਂਕਿ ਤੁਸੀਂ ਕਿਹਾ ਸੀ:

> *...ਔਖਾ ਦਰਵਾਜ਼ਾ ਹੈ, ਅਤੇ ਤੰਗ ਰਸਤਾ ਹੈ, ਜੋ ਜੀਵਨ ਵੱਲ ਲੈ ਜਾਂਦਾ ਹੈ, ਅਤੇ ਥੋੜੇ ਹੀ ਹਨ ਜੋ ਇਸਨੂੰ ਲੱਭ ਸਕਣਗੇ।*
>
> *ਕਿਉਂਕਿ ਸੱਦੇ ਹੋਏ ਤਾਂ ਬਹੁਤ ਹਨ, ਪਰ ਚੁਣੇ ਹੋਏ ਥੋੜੇ ਹਨ।*

70 ਹੇ ਅਨੰਤ ਪਿਤਾ, ਸਭਾਵਾਂ ਦੇ ਇਸ ਆਉਣ ਵਾਲੇ ਹਫ਼ਤੇ ਦੁਆਰਾ, ਇਸ ਸ਼ਹਿਰ ਵਿੱਚ ਖੁਸ਼ਖਬਰੀ ਦੀ ਰੌਸ਼ਨੀ ਭੇਜੋ। ਅਤੇ ਜੇ ਕੋਈ ਬੀਜ ਹੈ, ਤਾਂ ਕਿਸੇ ਤਰ੍ਹਾਂ ਤੁਹਾਡੀ ਆਪਣੀ ਮਹਾਨ, ਬੁੱਧੀਮਤਾ ਦੁਆਰਾ, ਜਿਵੇਂ ਕਿ ਨਰ ਅਤੇ ਮਾਦਾ ਦੇ ਸ਼ੁਕ੍ਰਾਣੂ ਵਿੱਚ ਇਸਨੂੰ ਦਰਸਾਉਣ ਦੀ ਕੋਸ਼ਿਸ਼, ਹੋਣ ਦੇ ਕਿ ਉਹ ਸਭਾ ਵਿੱਚ ਆਉਣ। ਪਵਿੱਤਰ ਆਤਮਾ ਉਹਨਾਂ ਨੂੰ ਚਾਨਣ ਦੇਵੇ। ਸਾਨੂੰ ਅਹਿਸਾਸ ਹੁੰਦਾ ਹੈ ਕਿ ਸਮਾਂ ਸ਼ਾਇਦ ਸਾਡੇ ਸੋਚਣ ਨਾਲੋਂ ਵੀ ਘੱਟ ਹੈ। ਅਸੀਂ ਪ੍ਰਾਰਥਨਾ ਕਰਦੇ ਹਾਂ, ਪ੍ਰਮੇਸ਼ਵਰ, ਕਿ ਜਿਵੇਂ ਅਸੀਂ ਇੱਥੇ ਆਏ ਹਾਂ, ਬਸ ਇਹ ਵਿਸ਼ਵਾਸ ਕਰਦੇ ਹੋਏ ਕਿ ਸ਼ਾਇਦ ਇੱਥੇ ਕੁਝ ਅਜਿਹਾ ਹੈ ਜੋ ਕੀਤਾ ਜਾ ਸਕਦਾ ਹੈ ਜੋ ਲੋਕਾਂ ਦੀ ਮਦਦ ਕਰੇਗਾ, ਜਾਂ—ਜਾਂ ਉਸ ਆਖਰੀ ਭੇਡ ਨੂੰ ਫੜੇਗਾ। ਅਸੀਂ ਜਾਣਦੇ ਹਾਂ, ਜਦੋਂ ਭੇਡਾਂ ਦਾ ਵਾੜਾ ਭਰ ਜਾਂਦਾ ਹੈ, ਤਾਂ ਚਰਵਾਹਾ ਦਰਵਾਜ਼ਾ ਬੰਦ ਕਰ ਦੇਵੇਗਾ।

71 ਜਿਵੇਂ ਇਹ ਨੂਹ ਦੇ ਦਿਨਾਂ ਵਿਚ ਸੀ, ਜਦੋਂ ਪਰਿਵਾਰ ਦੇ ਆਖ਼ਰੀ ਮੈਂਬਰ ਨੂੰ ਅੰਦਰ ਲਿਆਂਦਾ ਗਿਆ ਸੀ, ਪਰਮੇਸ਼ੁਰ ਨੇ ਦਰਵਾਜ਼ਾ ਬੰਦ ਕਰ ਦਿੱਤਾ ਸੀ।

ਅਤੇ ਉਨ੍ਹਾਂ ਨੇ ਕੁੱਟਿਆ ਅਤੇ ਮਾਰਿਆ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਪਿਆਰੇ ਪ੍ਰਭੂ, ਉਨ੍ਹਾਂ ਕੋਲ ਮੌਕਾ ਸੀ।

ਤੁਸੀਂ ਕਿਹਾ, "ਮੈਂ ਭੇਡਾਂ ਦੇ ਵਾੜੇ ਦਾ ਦਰਵਾਜ਼ਾ ਹਾਂ।"

72 ਅਤੇ ਕਵੀ ਦਾ ਗੀਤ ਕਿੰਨਾ ਪ੍ਰਭਾਵਸ਼ਾਲੀ ਹੈ, "ਕੀ ਤੇਰੇ ਲਈ ਨੜਿਨਵੇਂ ਹੀ ਕਾਫ਼ੀ ਨਹੀਂ ਸਨ? ਪਰ, ਨਹੀਂ, ਇੱਕ ਹੋਰ ਸੀ।" ਉਹ ਸ਼ੈਅਦ ਇੱਕ ਛੋਟੀ ਜਿਹੀ ਕਾਲੀ ਭੇਡ ਹੋ ਸਕਦੀ ਹੈ, ਜਾਂ ਉਹ ਇੱਕ ਛੋਟੀ ਮਾਮੂਲੀ ਭੇਦ ਹੋ ਸਕਦੀ ਹੈ, ਹੋ ਸਕਦਾ ਹੈ ਕਿ ਉਹ ਛੋਟੀ ਜਾਂ ਛੋਟਾ ਹੋਵੇ। ਸਾਨੂੰ ਨਹੀਂ ਪਤਾ ਕਿ ਉਹ ਕਿੱਥੇ ਹਨ, ਪਰ ਉਹ ਆਖਰੀ ਜਰੂਰ ਅੰਦਰ ਆਉਣਾ ਚਾਹੀਦਾ ਹੈ ਅਤੇ ਫਿਰ ਦਰਵਾਜ਼ਾ ਬੰਦ ਹੋ ਜਾਵੇਗਾ। ਹੇ ਪਰਮੇਸ਼ੁਰ, ਜੋ ਸਭ ਕੁਝ ਜਾਣਦਾ ਹੈ, ਅੱਜ ਸਵੇਰੇ ਸਾਡੇ ਜੀਵਨਾਂ ਦੀ ਜਾਂਚ ਕਰ। ਅਤੇ ਜਿੱਥੇ ਅਸੀਂ ਜਾ ਸਕਦੇ ਹਾਂ ਉੱਥੇ ਸਾਨੂੰ ਭੇਜ, ਤਾਂ ਜੋ ਅਸੀਂ ਉਸ ਆਖਰੀ ਨੂੰ ਲੱਭ ਸਕੀਏ, ਕਿ ਦਰਵਾਜ਼ਾ ਬੰਦ ਹੋ ਜਾਵੇਗਾ ਅਤੇ ਆਜੜੀ ਭੇਡਾਂ ਦੇ ਨਾਲ ਅੰਦਰ ਹੋ ਜਾਵੇਗਾ। ਇਹ ਬਖਸ਼ ਦਿਓ, ਪ੍ਰਭੂ। ਜੇ ਉਹ ਅੱਜ ਇੱਥੇ ਹੈ, ਉਹ ਜਿਸ ਨੂੰ ਜੋ ਅੰਦਰ ਆਉਣਾ ਹੈ…

73 "ਉਹ ਸਭ ਪਿਤਾ ਨੇ ਮੈਨੂੰ ਦਿੱਤੇ ਹਨ ਮੇਰੇ ਕੋਲ ਆਉਣਗੇ। ਅਤੇ ਕੋਈ ਵੀ ਮਨੁੱਖ ਨਹੀਂ ਆ ਸਕਦਾ, ਜਦ ਤਕ ਮੇਰਾ ਪਿਤਾ ਉਸਨੂੰ ਨਾ ਖਿੱਚੇ।"

74 ਅਤੇ ਜੇ ਇੱਥੇ ਇੱਕ ਖਿੱਚ, ਜਾਂ ਥੋੜੀ ਜਿਹੀ ਭਾਵਨਾ ਹੈ, ਕਿ ਇਹ ਇੱਥੇ ਇਸ ਦਰਸ਼ਕਾਂ ਵਿੱਚ ਕਿਸੇ ਲਈ ਸਮਾਂ ਹੋ ਸਕਦਾ ਹੈ, ਇੱਥੇ ਜਾਂ ਹੇਠਾਂ, ਜਾਂ ਜਿੱਥੇ ਵੀ ਉਹ ਹੋ ਸਕਦੇ ਹਨ, ਉਹ ਜਵਾਬ ਦੇਣ, "ਹਾਂ, ਪ੍ਰਭੂ, ਮੈਂ ਉਹ ਛੋਟਾ ਭਟਕਣ ਵਾਲਾ ਹਾਂ ਜੋ ਭਟਕ ਗਿਆ ਹਾਂ; ਅਤੇ ਇਸ ਨਾਲ ਲੜਿਆਂ ਹਾਂ, ਆਪਣੀ ਸਾਰੀ ਜਿੰਦਗੀ। ਮੈਂ—ਮੈਂ—ਮੈਂ ਮਹਿਸੂਸ ਕੀਤਾ ਕਿ ਮੈਨੂੰ ਆਉਣਾ ਚਾਹੀਦਾ ਹੈ, ਪਰ ਅੱਜ ਮੈਂ ਹਾਰ ਜਾਣ ਦੇ ਪਾਸੇ ਲਟਕ ਰਿਹਾ ਹਾਂ। ਮੈਂ ਉੱਪਰ ਜਾਂ ਹੇਠਾਂ ਨਹੀਂ ਜਾ ਸਕਦਾ। ਮੈਂ ਕਿਸੇ ਵੀ ਪਾਸੇ ਨਹੀਂ ਜਾ ਸਕਦਾ।" ਔਹ, ਮਹਾਨ ਅਯਾਲੀ ਆਵੇ, ਕੋਮਲ ਹੱਥਾਂ ਨੂੰ ਵਧਾਵੇ ਅਤੇ ਉਸ ਨੂੰ ਸੁਰੱਖਿਅਤ ਅੰਦਰ ਲੈ ਆਵੇ, ਇਸਨੂੰ ਉਸਦੇ ਮੋਢਿਆਂ ਤੇ ਰੱਖੇ ਅਤੇ ਇਸਨੂੰ ਸੁਰੱਖਿਅਤ ਵਾਪਸ ਲਿਆਵੇ।

75 ਸ਼ਾਇਦ ਇੱਥੇ ਕੋਈ ਹੈ, ਪ੍ਰਭੂ, ਜੋ ਬਿਮਾਰ ਹੈ, ਉਹੋ ਜਿਹੀ ਹਾਲਤ ਵਿੱਚ, ਡਾਕਟਰ ਨੇ ਕਿਹਾ ਹੈ, "ਕੁਝ ਨਹੀਂ ਕੀਤਾ ਜਾ ਸਕਦਾ।" ਉਸ ਨੇ ਇਸ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਇਸ ਨੂੰ ਬਚਾ ਨਾ ਸਕਿਆ। ਇਹ ਉਸਦੀ ਪਹੁੰਚ ਤੋਂ ਬਾਹਰ ਹੈ। ਇੱਥੇ—ਇੱਥੇ ਕੁਝ ਵੀ ਨਹੀਂ ਹੈ ਜੋ ਉਹ ਕਰ ਸਕਦਾ ਹੈ। ਉਸਦੀ ਦਵਾਈ ਜਾਂ ਉਸਦਾ ਚਾਕੂ ਇਸ ਤੱਕ ਨਹੀਂ ਪਹੁੰਚ ਸਕਦਾ। ਪਰ, ਹੇ ਪ੍ਰਭੂ, ਤੁਹਾਡੀ ਮਹਾਨ ਬਾਂਹ ਤੋਂ ਦੂਰ ਕੋਈ ਨਹੀਂ ਹੈ, ਅਤੇ ਤੁਹਾਡਾ ਵਚਨ ਤੁਹਾਡੀ ਬਾਂਹ ਹੈ। ਇਸ ਲਈ ਅਸੀਂ ਪ੍ਰਾਰਥਨਾ ਕਰਦੇ ਹਾਂ,

ਪਿਆਰੇ ਪਰਮੇਸ਼ੁਰ, ਕਿ, ਅੱਜ ਸਵੇਰੇ, ਜਦੋਂ ਅਸੀਂ ਤੁਹਾਡੇ ਨਾਲ ਗੱਲ ਕਰ ਰਹੇ ਹਾਂ, ਕਿ ਤੁਸੀਂ ਹੇਠਾਂ ਪਹੁੰਚੋਗੇ ਅਤੇ ਉਸ ਨੂੰ ਚੁੱਕੋਗੇ ਜੋ ਬਿਮਾਰ ਹੈ ਅਤੇ ਆਪਣੀ ਮਦਦ ਨਹੀਂ ਕਰ ਸਕਦਾ, ਸਾਰੇ ਵਿਗਿਆਨਕ ਮਾਮਲਿਆਂ ਦੀ ਪਹੁੰਚ ਤੋਂ ਬਾਹਰ, ਡਾਕਟਰ ਤੋਂ ਦੂਰ ਹੈ, ਹੋਣ ਦੇ ਕਿ ਉਹ ਚੰਗੇ ਹੋ ਜਾਣ। ਇਹ ਬਖਸ਼ ਦੇ, ਪ੍ਰਭੂ।

76 ਜਿਵੇਂ ਅਸੀਂ ਦਾਉਦ ਬਾਰੇ ਸੋਚਦੇ ਹਾਂ, ਜਿਵੇਂ ਉਸ ਨੂੰ ਕੁਝ ਭੇਡਾਂ ਦੀ ਜੁੰਮੇਵਾਰੀ ਦਿੱਤੀ ਗਈ ਸੀ, ਬਸ ਥੋੜੀਆਂ ਜਿਹੀਆਂ ਦੀ। ਪਰ ਇੱਕ ਦਿਨ ਇੱਕ ਰਿੱਛ ਆਇਆ ਅਤੇ ਇੱਕ ਛੋਟੀ ਭੇਡ ਨੂੰ ਫੜ ਲਿਆ ਅਤੇ ਇਸਨੂੰ ਬਾਹਰ ਲੈ ਗਿਆ, ਅਤੇ ਇਸ ਨੂੰ ਖਾ ਗਿਆ ਹੁੰਦਾ (ਜਿਵੇਂ ਕੈਂਸਰ ਸਰੀਰ ਨੂੰ ਖਾ ਜਾਂਦਾ ਹੈ), ਜਾਂ ਇੱਕ ਵੱਡਾ ਸ਼ੇਰ। ਪਰ ਦਾਉਦ, ਇੱਕ—ਇੱਕ ਬੰਦੂਕ ਨਾਲ ਚੰਗੀ ਤਰ੍ਹਾਂ ਹਥਿਆਰਬੰਦ ਨਹੀਂ ਸੀ, ਜਾਂ, ਇੱਕ ਤਲਵਾਰਬਾਜ਼ ਨਹੀਂ ਸੀ, ਪਰ ਸਿਰਫ ਇੱਕ ਗੁਲੇਲ ਨਾਲ, ਉਹ ਉਸ ਭੇਡ ਦੇ ਪਿੱਛੇ ਗਿਆ। ਅਤੇ ਜਦੋਂ ਉਸਨੇ ਉਸ—ਉਸ ਜਾਨਵਰ ਨੂੰ ਲੱਭ ਲਿਆ ਜੋ ਉਸ ਛੋਟੀ ਭੇਡ ਨੂੰ ਮਾਰਨ ਜਾ ਰਿਹਾ ਸੀ, ਉਸਨੇ ਉਸਨੂੰ ਗੁਲੇਲ ਨਾਲ ਮਾਰ ਦਿੱਤਾ। ਚਮੜੇ ਦੇ ਇੱਕ ਟੁਕੜੇ ਅਤੇ ਇੱਕ ਸੂਤਰ ਤੋਂ ਬਣੇ ਇੱਕ ਛੋਟੇ ਜਿਹੇ ਸਧਾਰਨ ਹਥਿਆਰ ਨਾਲ, ਅਤੇ, ਪਰ ਉਸਨੂੰ ਇਸ ਵਿੱਚ ਭਰੋਸਾ ਸੀ।

77 ਸਾਡੇ ਵਿੱਚ ਕੋਈ ਵੱਡੀ ਪ੍ਰਤਿਭਾ ਨਹੀਂ ਹੈ, ਪ੍ਰਭੂ। ਅਸੀਂ ਇੱਕ ਸਧਾਰਨ ਛੋਟੀ ਜਿਹੀ ਪ੍ਰਾਰਥਨਾ ਵਾਲੇ ਸਧਾਰਨ ਲੋਕ ਹਾਂ, ਪਰ ਅਸੀਂ ਅੱਜ ਸਵੇਰੇ ਪਿਤਾ ਦੀਆਂ ਭੇਡਾਂ ਦੇ ਪਿੱਛੇ ਆ ਰਹੇ ਹਾਂ। ਉਹ ਔਰਤ ਜੋ ਸੜਕਾਂ ਤੇ ਤੁਰਦੀ ਰਹੀ ਹੈ, ਬੁਰੀ ਹਾਲਤ ਵਿੱਚ, ਸਿਗਰਟ ਪੀਂਦੀ ਹੋਈ, ਸਿਗਰੇਟ ਦੁਆਰਾ ਸ਼ਾਂਤੀ ਲੱਭਣ ਦੀ ਕੋਸ਼ਿਸ਼ ਕਰਦੀ ਹੋਈ; ਉਹ ਆਦਮੀ ਜਿਸਨੇ ਬੋਤਲ ਨੂੰ ਸੁੰਘਿਆ ਹੈ ਅਤੇ ਇਸਨੂੰ ਛੱਡਣ ਦੀ ਕੋਸ਼ਿਸ਼ ਕੀਤੀ ਹੈ, ਪਰ ਦੁਸ਼ਮਣ ਨੇ ਉਸ ਨੂੰ ਕੱਸ ਕੇ ਫ਼ੜਿਆ ਹੋਇਆ ਹੈ; ਉਹ ਲੜਕਾ ਜਾਂ ਲੜਕੀ ਜਿਸ ਨੇ ਸਹੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਜੋ ਗਲਤ ਕੰਮ ਤੋਂ ਆਜਾਦ ਹੋਣ ਦੀ ਤਾਕਤ ਨਹੀਂ ਲੱਭ ਸਕਦਾ; ਅਸੀਂ ਪ੍ਰਭੂ ਯਿਸੂ ਦੇ ਨਾਮ ਵਿੱਚ, ਅੱਜ ਸਵੇਰੇ ਉਸ ਭੇਡ ਦਾ ਦਾਅਵਾ ਕਰਨ ਲਈ ਆਏ ਹਾਂ। ਅਸੀਂ ਦੁਸ਼ਮਣ ਨੂੰ ਨਕਾਰਦੇ ਹਾਂ, ਕਿਉਂਕਿ ਇਹ ਇੱਕ ਸਧਾਰਨ ਚੀਜ਼ ਹੈ, ਪ੍ਰਾਰਥਨਾ ਦੀ ਇੱਕ ਗੁਲੇਲ, ਪਰ ਅਸੀਂ ਉਸ ਨੂੰ ਪਿਤਾ ਦੇ ਵਾੜੇ ਵਿੱਚ ਵਾਪਸ ਲਿਆਉਣ ਲਈ ਆ ਰਹੇ ਹਾਂ, ਤਾਂ ਜੋ ਅਸੀਂ ਉਨ੍ਹਾਂ ਚੀਜ਼ਾਂ ਦਾ ਹਿਸਾਬ ਦੇ ਸਕੀਏ ਜੋ ਜੋ ਸਾਡੇ ਹਵਾਲੇ ਕੀਤੀਆਂ ਗਈਆਂ ਹਨ।" ਪ੍ਰਮੇਸ਼ਵਰ ਦੀ ਸ਼ਕਤੀ ਹੁਣ ਲੋਕਾਂ ਦੇ ਦਿਲਾਂ ਵਿੱਚ ਵਿਸ਼ਵਾਸ ਨੂੰ ਪ੍ਰਭਾਵਤ ਕਰੇ, ਅਤੇ ਉਹ ਗੁਆਚੀ ਹੋਈ ਆਤਮਾ ਅੱਜ ਸਵੇਰੇ ਵਾਪਸ ਆ ਜਾਵੇ। ਇਸ ਜੀਵਨ ਦੇ ਪਰਤਾਵੇ ਉਸਨੂੰ ਛੱਡ ਦੇਣ, ਉਸਨੂੰ ਜਾਣ ਦੇਣ। ਅਤੇ ਉਹ ਆਪਣੇ ਆਪ ਨੂੰ

ਸੁਰੱਖਿਅਤ ਢੰਗ ਨਾਲ ਪ੍ਰਭੂ ਦੇ ਮੋਢਿਆਂ ਤੇ ਪਾਵੇ, ਦੁਬਾਰਾ ਸੁਰੱਖਿਆ ਵੱਲ ਲਿਜਾਏ ਜਾਂਦੇ ਹੋਏ। ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

78 ਪਰਮੇਸ਼ਵਰ ਤੁਹਾਨੂੰ ਸਭ ਨੂੰ ਆਸ਼ੀਸ਼ ਦੇਵੇ। ਜਦੋਂ ਤੱਕ ਮੈਂ ਤੁਹਾਨੂੰ ਕੱਲ੍ਹ ਨਹੀਂ ਮਿਲਦਾ, ਮੈਂ ਸੇਵਾ ਨੂੰ ਭਾਈ ਸ਼ਕੇਰੀਅਨ ਵੱਲ ਮੋੜਾਂਗਾ। [ਟੇਪ ਤੇ ਖਾਲੀ ਥਾਂ—ਸੰਪਾ.]

[ਭਾਈ ਬ੍ਰੰਨਹਾਮ ਤੀਜੇ ਹਿੱਸੇ ਨੂੰ ਸਮਾਪਤ ਕਰਦੇ ਹਨ—ਸੰਪਾ.]

☆ ☆ ☆ ☆ ☆ ☆ ☆

79 ਇਹ, ਮੈਨੂੰ—ਮੈਨੂੰ ਉਮੀਦ ਹੈ ਕਿ ਤੁਸੀਂ…ਕਿ ਮੈਨੂੰ ਪਰਮੇਸ਼ੁਰ ਦੀ ਨਜਰ ਵਿੱਚ ਅਤੇ ਤੁਹਾਡੇ ਅੱਗੇ ਬਥੇਰੀ ਕਿਰਪਾ ਮਿਲੀ ਹੈ, ਇਹ ਵਿਸ਼ਵਾਸ ਕਰਨ ਲਈ ਕਿ ਮੈਂ ਤੁਹਾਨੂੰ ਕੁਝ ਗਲਤ ਦੱਸਣ ਲਈ ਇੱਥੇ ਖੜ੍ਹਾ ਹੋਵਾਂਗਾ। ਮੈਂ ਆਪਣਾ ਛਿਪੰਜਵਾ ਜਨਮਦਿਨ, ਉਸ ਦਿਨ ਪਾਰ ਕਰ ਲਿਆ ਹੈ। ਇਹ ਸਿਰਫ਼ ਇੱਕ ਬੁੱਢੇ ਆਦਮੀ ਦਾ ਸੰਦੇਸ਼ ਨਹੀਂ ਹੈ। ਮੈਂ ਇਸ ਤੇ ਉਦੋਂ ਤੋਂ ਵਿਸ਼ਵਾਸ ਕੀਤਾ ਹੈ ਜਦੋਂ ਮੈਂ ਇੱਕ ਛੋਟਾ ਬੱਚਾ ਸੀ। ਅਤੇ ਜੇਕਰ ਇਹ ਸੱਚ ਨਹੀਂ ਹੈ, ਤਾਂ ਮੈਂ ਸਭ ਤੋਂ ਮੂਰਖ ਵਿਅਕਤੀ ਰਿਹਾ ਹਾਂ ਜੋ ਪਰਮੇਸ਼ੁਰ ਨੇ ਧਰਤੀ ਉੱਤੇ ਰੱਖਿਆ ਸੀ। ਮੈਂ ਆਪਣਾ ਸਾਰਾ ਜੀਵਨ ਇਸ ਕੰਮ ਲਈ ਦੇ ਦਿੱਤਾ ਹੈ। ਅਤੇ ਕੀ ਮੈਂ ਇਹ ਇਮਾਨਦਾਰੀ ਨਾਲ ਕਹਿ ਸਕਦਾ ਹਾਂ: ਜੇ ਮੇਰੇ ਕੋਲ ਦਸ ਹਜ਼ਾਰ ਜੀਵਨ ਹੁੰਦੇ, ਤਾਂ ਮੈਂ ਕਦੇ ਵੀ ਆਪਣੀ ਰਾਏ ਨਹੀਂ ਬਦਲਦਾ।

80 ਹੁਣ, ਚੰਗਾਈ ਹਰ ਵਿਅਕਤੀ ਦੀ ਪਹੁੰਚ ਵਿੱਚ ਹੈ। ਯਾਦ ਰੱਖੋ, ਚੰਗਾਈ ਤੁਹਾਡੇ ਵਿੱਚ ਹੈ। ਪ੍ਰਮੇਸ਼ਵਰ ਨੇ ਆੜੂ ਦੇ ਦਰਖਤ ਵਿੱਚ ਹਰ ਆੜੂ ਨੂੰ ਰੱਖਿਆ ਜੋ ਕਦੇ ਵੀ ਇਸ ਵਿੱਚ ਹੋਵੇਗਾ, ਜਦੋਂ ਉਸਨੇ ਇਸਨੂੰ ਬਾਗ ਵਿੱਚ ਲਾਇਆ ਸੀ। ਦੇਖੋ, ਤੁਸੀਂ ਬਸ…ਆੜੂ ਦਾ ਰੁੱਖ ਜਾਂ ਸੇਬ ਦਾ ਰੁੱਖ, ਜਾਂ ਫਲ ਦਾ ਰੁੱਖ, ਉਸ ਨੂੰ ਬਸ ਵੱਧਣਾ ਹੈ, ਧਰਤੀ ਦੇ ਪਾਣੀ ਨੂੰ ਪੀ ਕੇ। ਹੁਣ ਤੁਹਾਡੇ ਵਿੱਚੋਂ ਹਰ ਇੱਕ ਵਿੱਚ ਉਹ ਸੰਭਾਵਨਾਵਾਂ ਹਨ, ਤੁਹਾਡਾ ਛੁਟਕਾਰਾ ਕਰਨ ਲਈ, ਕਿਉਂਕਿ ਇਹ ਪਰਮੇਸ਼ੁਰ ਹੈ, ਕਿਉਂਕਿ ਤੁਹਾਨੂੰ ਬਪਤਿਸਮੇ ਦੁਆਰਾ ਮਸੀਹ ਵਿੱਚ ਬੀਜਿਆ ਗਿਆ ਹੈ (ਪਾਣੀ ਦੇ ਬਪਤਿਸਮੇ ਨਾਲ ਨਹੀਂ), ਆਤਮਿਕ ਬਪਤਿਸਮੇ ਨਾਲ। ਤੁਸੀਂ ਪਾਣੀ ਦੇ ਬਪਤਿਸਮੇ ਦੁਆਰਾ ਮਸੀਹ ਵਿੱਚ ਨਹੀਂ ਆਉਂਦੇ। ਆਤਮਿਕ ਬਪਤਿਸਮੇ ਦੁਆਰਾ ਆਉਂਦੇ ਹੋ!

81 ਕੱਲ੍ਹ ਦੁਪਹਿਰ, ਜੇ ਪ੍ਰਭੂ ਦੀ ਇੱਛਾ ਹੋਈ, ਮੈਂ ਇਸ ਬਾਰੇ ਗੱਲ ਕਰ ਰਿਹਾ ਹਾਂ, ਇਸਦਾ ਅਸਲ ਉਪਯੋਗ *ਕਿਵੇਂ* ਅਤੇ *ਕੀ* ਹੈ। ਅਸੀਂ ਇਸ ਨੂੰ ਦੁਪਹਿਰ ਵਿੱਚ ਰੱਖਿਆ ਹੈ ਇਸਲਈ ਇਹ ਤੁਹਾਡੀਆਂ ਕਿਸੇ ਵੀ ਸਭਾਵਾਂ ਵਿੱਚ ਦਖਲ ਨਹੀਂ ਦੇਵੇਗਾ।

82 ਹੁਣ ਵੇਖੋ, ਤੁਹਾਡੇ ਵਿੱਚੋਂ ਹਰੇਕ ਇੱਥੇ ਵਿਸ਼ਵਾਸੀਆਂ ਵਾਂਗ ਖੜ੍ਹਾ ਹੈ, ਵੇਖੋ, ਫਿਰ ਉਹ ਜੀਵਨ ਜੋ ਮਸੀਹ ਵਿੱਚ ਸੀ ਤੁਹਾਡੇ ਵਿੱਚ ਹੈ। ਇਹ ਕਰ ਸਕਦਾ ਹੈ, ਜੇ ਤੁਸੀਂ ਇਸਨੂੰ ਦੇਖ ਸਕਦੇ ਹੋ!

83 ਇਹ ਸ਼ੈਤਾਨ ਦਾ ਕੰਮ ਹੈ ਕਿ ਤੁਹਾਨੂੰ ਇਸ ਤੋਂ ਰੋਕਿਆ ਜਾਵੇ, ਤੁਹਾਨੂੰ ਅੰਨ੍ਹਾ ਰੱਖਿਆ ਜਾਵੇ। ਉਹ ਬਸ ਤੁਹਾਨੂੰ ਅੰਨ੍ਹੇ ਹੋਣ ਦੇ ਸਕਦਾ ਹੈ, ਇਹ ਹੈ, ਦੇਖੋ, ਫਿਰ ਤੁਹਾਨੂੰ ਨਹੀਂ ਪਤਾ ਹੋਵੇਗਾ ਕਿ ਤੁਸੀਂ ਕਿੱਥੇ ਜਾ ਰਹੇ ਹੋ। ਇੱਕ ਆਦਮੀ ਜੋ ਅੰਨ੍ਹਾ ਹੈ ਇਹ ਨਹੀਂ ਦੱਸ ਸਕਦਾ ਕਿ ਉਹ ਕਿੱਥੇ ਜਾ ਰਿਹਾ ਹੈ, ਉਸਨੂੰ ਕਿਸੇ ਅਜਿਹੇ ਵਿਅਕਤੀ ਤੋਂ ਸਮਝਣਾ ਪੈਂਦਾ ਹੈ ਜੋ ਦੇਖ ਸਕਦਾ ਹੈ। ਜਦੋਂ ਤੱਕ ਅਸੀਂ ਸਮਝ ਨਹੀਂ ਸਕਦੇ, ਕਿਸੇ ਨੂੰ ਸਾਨੂੰ ਦੱਸਣਾ ਪਏਗਾ ਕਿ ਸੱਚ ਕੀ ਹੈ।

84 ਅਤੇ ਮਸੀਹ ਤੁਹਾਡੇ ਲਈ ਮਰਿਆ, ਅਤੇ ਤੁਸੀਂ ਸੰਸਾਰ ਤੋਂ ਉਖਾੜ ਕੇ ਮਸੀਹ ਵਿੱਚ ਲਗਾਏ ਗਏ ਹੋ। ਅਤੇ ਹਰੇਕ ਚੀਜ਼ ਜਿਸਦੀ ਤੁਹਾਨੂੰ ਲੋੜ ਹੈ, ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ ਠੀਕ ਤੁਹਾਡੇ ਅੰਦਰ ਹੈ। ਕੀ ਇਹ ਸਹੀ ਨਹੀਂ ਹੈ? ਹੁਣ ਤੁਸੀਂ ਇੱਕ ਹੀ ਕੰਮ ਕਰਨਾ ਹੈ ਕਿ ਬਸ ਉਸ ਤੋਂ ਪੀਣਾ ਸ਼ੁਰੂ ਕਰ ਦਿਓ।

85 ਅਤੇ ਜਿਵੇਂ-ਜਿਵੇਂ ਰੁੱਖ ਪੀਂਦਾ ਹੈ, ਇਹ ਹਰ ਸਾਲ ਆਪਣੇ ਪੱਤੇ, ਆਪਣੀ ਕਲੀ, ਆਪਣੇ ਫਲ ਨੂੰ ਬਾਹਰ ਕੱਢਦਾ ਹੈ। ਫਲ ਜ਼ਮੀਨ ਵਿੱਚ ਨਹੀਂ ਹੈ; ਫਲ ਪੌਦੇ ਵਿੱਚ ਹੈ। ਕਿੰਨੇ ਇਹ ਸਮਝਦੇ ਹਨ, ਕਹੋ "ਆਮੀਨ।" [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਇਸ ਲਈ, ਵੇਖੋ, ਫਲ ਪੌਦੇ ਵਿੱਚ ਹੈ, ਅਤੇ ਹਰ ਪੌਦੇ ਨੇ ਆਪਣੇ ਚਸ਼ਮੇ ਵਿੱਚੋਂ ਪੀਣਾ ਹੈ। ਜਦ ਮੀਂਹ ਪੈਂਦਾ ਹੈ, ਉਸ ਪੌਦੇ ਨੂੰ, ਜੀਵਨ, ਪੀਣ ਲਈ ਦਿੰਦਾ ਹੈ। ਅਤੇ, ਜਿਵੇਂ-ਜਿਵੇਂ ਇਹ ਪੀਂਦਾ ਹੈ, ਇਹ ਵੱਧਦਾ ਹੈ।

86 ਅਤੇ ਇਹ ਵੱਧ ਰਿਹਾ ਹੈ ਜਦੋਂ ਤੱਕ ਇਹ ਪੂਰੀ ਕਲੀ ਨਹੀਂ ਬਣ ਜਾਂਦਾ, ਬਿਲਕੁਲ ਜਿਸ ਤਰ੍ਹਾਂ ਕਲੀਸਿਯਾ ਨੂੰ, ਇਸ ਯੁੱਗ ਵਿੱਚ ਫੁੱਲ ਵਾਂਗ ਖਿੜਨਾ ਹੈ।

87 ਅਤੇ, ਜਦ ਅਸੀਂ ਪੀਂਦੇ ਹਾਂ, ਅਸੀਂ ਵੱਧਦੇ ਹਾਂ। ਪਰ ਜੇ ਪੌਦਾ ਪੀਣ ਤੋਂ ਇਨਕਾਰ ਕਰ ਦਿੰਦਾ ਹੈ, ਤਾਂ ਪੌਦਾ ਵਧ ਨਹੀਂ ਸਕਦਾ। ਅਤੇ ਜੇਕਰ ਹੁਣ ਤੁਸੀਂ ਬਸ ਇਸ ਤੇ ਵਿਸ਼ਵਾਸ ਕਰੋਗੇ, ਵਿਅਕਤੀਗਤ ਤੌਰ ਤੇ!

88 ਬੇਸ਼ੱਕ, ਤੁਸੀਂ ਜਾਣਦੇ ਹੋ ਕਿ ਪ੍ਰਭੂ ਕਿਵੇਂ ਕਰਦਾ ਹੈ, ਵੱਖੋ ਵੱਖਰੀਆਂ ਚੀਜ਼ਾਂ ਵਿਖਾਉਂਦਾ ਹੈ, ਉਸ ਬਾਰੇ ਕਿ ਤੁਸੀਂ ਕੀ ਕੀਤਾ ਹੈ, ਅਤੇ ਤੁਹਾਨੂੰ ਕੀ ਨਹੀਂ ਕਰਨਾ ਚਾਹੀਦਾ ਸੀ, ਅਤੇ ਇਸ ਤਰ੍ਹਾਂ ਹੋਰ ਵੀ ਚੀਜਾਂ, ਸਭਾ ਦੇ ਵਿੱਚ।

ਅਸੀਂ ਉਮੀਦ ਕਰ ਰਹੇ ਸੀ ਕਿ ਅੱਜ ਸਵੇਰੇ ਪਵਿੱਤਰ ਆਤਮਾ ਸਾਡੇ ਉੱਤੇ ਆਵੇਗਾ ਅਤੇ ਅਜਿਹਾ ਕਰੇਗਾ, ਜਿਵੇਂ ਅਸੀਂ ਖੜ੍ਹੇ ਹਾਂ। ਪਰ ਮੈਂ ਉਡੀਕਦਾ ਰਿਹਾ।

89 ਮੈਨੂੰ ਲਗਦਾ ਹੈ ਕਿ ਇਹ ਬੇਚੈਨੀ ਵਾਲਾ ਹਿੱਸਾ ਹੈ, ਇਹ ਸੋਚਣਾ ਕਿ ਹੇਠਾਂ ਉਹ ਚਾਹੁੰਦੇ ਹਨ ਕਿ ਅਸੀਂ ਇੱਥੋਂ ਬਾਹਰ ਨਿਕਲ ਜਾਈਏ, ਵੇਖੋ। ਪਰ ਉਹ ਸਾਡੇ ਤੋਂ ਚਾਹੁੰਦੇ ਹਨ; ਸਾਨੂੰ ਹੁਣ ਦੇਰ ਹੋ ਗਈ ਹੈ।

90 ਪਰ ਇਸ ਗੱਲ ਤੇ ਪੂਰੇ ਦਿਲ ਨਾਲ ਵਿਸ਼ਵਾਸ ਕਰੋ। ਕਿਰਪਾ ਕਰਕੇ ਕਰੋ। ਜੇ ਮੈਂ—ਜੇਕਰ ਮੈਨੂੰ ਤੁਹਾਡੀ ਨਜ਼ਰ ਵਿੱਚ ਇੱਕ ਸੱਚੇ ਵਿਅਕਤੀ ਵਜੋਂ ਕਿਰਪਾ ਪਾਈ ਹੈ, ਤਾਂ ਇਸ ਤੇ ਵਿਸ਼ਵਾਸ ਕਰੋ। ਹੁਣ ਆਪਣੇ ਹੱਥ ਇੱਕ ਦੂਜੇ ਤੇ—ਤੇ ਰੱਖੋ।

91 ਹੁਣ ਦੇਖੋ, ਹੁਣ, ਬਾਈਬਲ ਨੇ ਇਹ ਨਹੀਂ ਕਿਹਾ, "ਇਹ ਚਿਨ੍ਹ ਵਿਲੀਅਮ ਬ੍ਰਨਹਾਮ ਦੇ ਨਾਲ ਹੋਣਗੇ।" ਇਹ ਨਹੀਂ ਕਿਹਾ, "ਇਹ ਸਿਰਫ਼ ਓਰਲ ਰੌਬਰਟਸ ਦੇ ਨਾਲ ਹੋਣਗੇ।" ਇਹ ਨਹੀਂ ਕਿਹਾ ਕਿ ਇਹ "ਭਾਈ ਕੋਪ" ਜਾਂ "ਕਿਸੇ" ਦੇ ਨਾਲ ਹੋਣਗੇ।

92 "ਉਨ੍ਹਾਂ ਦੇ ਨਾਲ ਇਹ ਨਿਸ਼ਾਨ ਹੋਣਗੇ," ਬਹੁਵਚਨ, "ਜਿਹੜੇ ਨਿਹਚਾ ਕਰਦੇ ਹਨ। ਜੇ ਉਹ ਬਿਮਾਰਾਂ ਉੱਤੇ ਹੱਥ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ।" ਇਹ ਪ੍ਰਭੂ ਦੀ ਉਹ ਸ਼ਕਤੀ ਹੈ ਜੋ ਤੁਹਾਡੇ ਵਿੱਚ ਹੈ, ਜੋ ਉਸ ਵਿਅਕਤੀ ਲਈ ਜੀਵਨ ਲਿਆਉਂਦੀ ਹੈ ਜਿਸ ਉੱਤੇ ਤੁਸੀਂ ਆਪਣਾ ਹੱਥ ਰੱਖਿਆ ਹੈ, ਪਵਿੱਤਰ ਆਤਮਾ ਦਾ ਜੀਵਨ ਦੇਣ ਵਾਲਾ ਸਰੋਤ।

93 ਪਿਆਰੇ ਪਰਮੇਸ਼ੁਰ, ਯਿਸੂ ਮਸੀਹ ਦੇ ਨਾਮ ਵਿੱਚ, ਇਸ ਮਹੱਤਵਪੂਰਣ ਪਲ ਵਿੱਚ ਜਦੋਂ ਕਲੀਸਿਯਾ...ਕੀ ਉਹ ਇਸ ਸਕਿੰਟ ਤੇ ਖੜ੍ਹੇ ਹੋ ਸਕਦੇ ਹਨ, ਘਬਰਾਹਟ ਤੋਂ ਬਿਨਾਂ, ਅਤੇ ਉਹ ਸ਼ਕਤੀ ਜਿਸ ਨੇ ਮਸੀਹ ਨੂੰ ਕਬਰ ਵਿੱਚੋਂ ਉਠਾਇਆ, ਹੁਣੇ ਹੀ ਉਹਨਾਂ ਨੂੰ ਖੁਸ਼ਖਬਰੀ ਦੀ ਸੱਚਾਈ ਨੂੰ ਜਿਉਂਦਾ ਕਰੋ, ਜੋ ਕਿ ਯਿਸੂ ਦਾ ਕੰਮ ਸੀ, ਜੇ ਉਹ "ਬਿਮਾਰਾਂ ਤੇ ਹੱਥ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ।" ਹਰ ਦੁਸ਼ਟ ਆਤਮਾ ਦੀ ਸ਼ਕਤੀ, ਹਰ ਬਿਮਾਰੀ, ਹਰ ਰੋਗ, ਹਰ ਕਸ਼ਟ, ਹਰ ਦੁਖਦਾਈ ਚੀਜ਼ ਜੋ ਲੋਕਾਂ ਨਾਲ ਵਾਪਰੀ ਹੈ, ਇਹ ਵਿਸ਼ਵਾਸ ਦੁਆਰਾ ਬਸ ਇਸੇ ਵੇਲੇ ਛੱਡ ਕੇ ਚਲੀ ਜਾਵੇ। ਵਿਸ਼ਵਾਸੀ ਲੋਕਾਂ ਵਾਂਗ, ਅਸੀਂ ਇਸਨੂੰ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

94 ਹੁਣ ਆਪਣੇ ਹੱਥ ਚੁੱਕੋ ਅਤੇ ਉਸਦੀ ਉਸਤਤਿ ਕਰੋ, ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਅਜਿਹਾ ਕਰਦਾ ਹੈ।

95 ਪਿਆਰੇ ਪ੍ਰਭੂ, ਇਹ ਬੱਚਾ ਮਰ ਜਾਵੇਗਾ, ਪ੍ਰਭੂ, ਜਦੋਂ ਤੱਕ ਇਹ ਚੰਗਾ ਨਹੀਂ ਕੀਤਾ ਜਾਂਦਾ। ਮੈਂ ਇਸ ਗੰਢ ਨੂੰ ਝਿੜਕਦਾ ਹਾਂ, ਯਿਸੂ ਮਸੀਹ ਦੇ ਨਾਮ ਵਿੱਚ। ਇਹ ਮਾਸੂਮ ਬੱਚੇ ਨੂੰ ਛੱਡ ਦੇਵੇ। ਆਮੀਨ।

ਹੁਣ, ਡਾਕਟਰਾਂ ਨੇ ਕੋਸ਼ਿਸ਼ ਕੀਤੀ ਹੈ, ਅਤੇ ਉਹ ਅਸਫਲ ਰਹੇ ਹਨ। ਬਸ ਵਿਸ਼ਵਾਸ ਕਰੋ।

65-0424 ਦੱਸ ਲੱਖ ਵਿੱਚੋਂ ਇੱਕ

ਕਲਿਫਟਨਸ ਕੈਫੇਟੇਰੀਆ

ਲੌਸ ਐਂਜਲਸ, ਕੈਲੀਫੋਰਨੀਆ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org